# ਪਰਖ ਤੋਂ ਬਾਅਦ ਵੈਰੀਆਂ ਦੇ ਫਾਟਕ ਉਤੇ ਕਬਜ਼ਾ ਕਰਨਾ

ਅਚਰਜ ਹੈ ਕਿ...ਤੁਸੀਂ ਜਾਣਦੇ ਹੋ, ਮੇਰਾ ਇੱਕ ਛੋਟਾ ਜਿਹਾ ਵਿਚਾਰ ਹੈ, ਜਦੋਂ ਅਸੀਂ ਵਚਨ ਪੜ੍ਹਦੇ ਹਾਂ ਤਾਂ ਲੋਕਾਂ ਨੂੰ ਖੜ੍ਹੇ ਵੇਖਾਂ। ਕੀ ਤੁਹਾਨੂੰ ਇਹ ਪਸੰਦ ਨਹੀਂ ਹੈ? ਅਸੀਂ ਵਫਾਦਾਰੀ ਦਾ ਪ੍ਰਣ ਲੈਣ ਲਈ ਖੜ੍ਹੇ ਹੁੰਦੇ ਹਾਂ, ਅਸੀਂ ਆਪਣੇ ਦੇਸ਼ ਲਈ ਖੜ੍ਹੇ ਹੁੰਦੇ ਹਾਂ, ਹੁਣ ਵਚਨ ਦੇ ਲਈ ਕਿਉਂ ਨਾ ਖੜ੍ਹੇ ਹੋਈਏ?

2 ਜਦ ਅਸੀਂ ਖੜ੍ਹੇ ਹਾਂ ਮੈਨੂੰ ਇੱਕ ਮਿੰਟ ਦਿਓ। ਜਿਆਦਾ ਚਿਰ ਨਹੀਂ ਹੋਇਆ ਮੈਂ ਇੱਕ ਲੇਖ ਪੜ੍ਹ ਰਿਹਾ ਸੀ ਅਤੇ ਮੈਂ ਕਲ੍ਹ ਰਾਤ ਉਨ੍ਹਾਂ ਲੋਕਾਂ ਬਾਰੇ ਸੋਚ ਰਿਹਾ ਸੀ ਜੋ ਮਸੀਹ ਲਈ ਖੜ੍ਹੇ ਹੋਏ ਸਨ। ਜੇਕਰ ਤੁਸੀਂ ਅੱਜ ਤੱਕ ਇਹ ਨਹੀਂ ਕੀਤਾ, ਕੀ ਤੁਸੀਂ ਅੱਜ ਇਹ ਨਹੀਂ ਕਰੋਗੇ?

3 ਤਕਰੀਬਨ ਪਚੱਤਰ ਸਾਲ ਪਹਿਲਾਂ ਇੱਕ ਮਹਾਨ ਪ੍ਰਚਾਰਕ ਸੀ, ਮੈਨੂੰ ਉਸਦਾ ਨਾਂ ਯਾਦ ਨਹੀਂ ਆ ਰਿਹਾ। ਮੈਂ ਸੋਚਦਾ ਹਾਂ ਕਿ ਉਹ ਆਰਥਰ ਮ੍ਕੋਏ ਸੀ ਅਤੇ ਉਹ ਧਰਤੀ ਨੂੰ ਪਾਰ ਕਰ ਚੁਕਾ ਸੀ। ਅਤੇ ਇੱਕ ਰਾਤ ਉਸਨੂੰ ਸੁਫ਼ਨਾ ਆਇਆ ਕਿ ਉਹ ਮਹਿਮਾ ਵਿੱਚ ਚਲਾ ਗਿਆ ਹੈ। ਅਤੇ ਉਹ ਕਹਿੰਦਾ ਹੈ ਕਿ ਉਹ ਫਾਟਕ ਤੱਕ ਗਿਆ ਅਤੇ ਉਹਨਾਂ ਨੇ ਉਸਨੂੰ ਅੰਦਰ ਨਹੀਂ ਜਾਣ ਦਿੱਤਾ। ਅਤੇ ਉਸਨੇ ਕਿਹਾ, "ਮੈਂ ਸੰਯੁਕਤ ਰਾਜ ਤੋਂ ਆਰਥਰ ਮ੍ਕੋਏ ਹਾਂ। ਮੈਂ ਇੱਕ ਪ੍ਰਚਾਰਕ ਹਾਂ।"

4 ਇਸਲਈ ਦਰਬਾਨ ਅੰਦਰ ਗਿਆ, (ਇਹ ਇੱਕ ਸੁਫਨਾ ਸੀ), ਦਰਬਾਨ ਅੰਦਰ ਗਿਆ ਅਤੇ ਕਿਹਾ, "ਤੁਹਾਡਾ ਨਾਮ ਮਿਲ ਹੀ ਨਹੀਂ ਰਿਹਾ।"

ਉਸਨੇ ਕਿਹਾ, "ਖੈਰ, ਮੈਂ ਇੱਕ ਪ੍ਰਚਾਰਕ ਸੀ।"

ਦਰਬਾਨ ਨੇ ਕਿਹਾ, "ਸ਼੍ਰੀਮਾਨ, ਮੈਂ..."

5 ਉਸਨੇ ਕਿਹਾ, "ਖੈਰ, ਕੀ ਕੋਈ ਮੌਕਾ ਹੈ ਕਿ...ਇਥੇ ਕੁਝ ਗਲਤ ਹੈ।"

6 ਦਰਬਾਨ ਨੇ ਕਿਹਾ, "ਨਹੀਂ, ਸ਼੍ਰੀਮਾਨ। ਮੇਰੇ ਕੋਲ ਕਿਤਾਬ ਹੈ। ਮੈਨੂੰ ਤੁਹਾਡਾ ਨਾਮ ਮਿਲਿਆ ਹੀ ਨਹੀਂ।"

ਅਤੇ ਉਸਨੇ ਕਿਹਾ, "ਖੈਰ, ਕੀ ਮੈਂ ਇਸਦੇ ਬਾਰੇ ਕੁਝ ਕਰ ਸਕਦਾ ਹਾਂ?"

7 ਉਸਨੇ ਕਿਹਾ, "ਤੁਸੀਂ ਆਪਣੇ ਮਾਮਲੇ ਦੀ ਅਪੀਲ ਨਿਆਂ ਦੇ ਚਿੱਟੇ ਸਿੰਘਾਸਣ ਅਗੇ ਕਰ ਸਕਦੇ ਹੋ।" ਪਰਮੇਸ਼ੁਰ, ਮਦਦ ਕਰ। ਮੈਂ ਉਥੇ ਨਹੀਂ ਜਾਣਾ ਚਾਹੁੰਦਾ।

8 ਉਸਨੇ ਕਿਹਾ, "ਅੱਛਾ, ਜੇਕਰ ਇਹੀ ਮੇਰੀ ਆਖਰੀ ਉਮੀਦ ਹੈ ਤਾਂ ਮੈਂ ਆਪਣੇ ਮਾਮਲੇ ਦੀ ਅਪੀਲ ਕਰਾਂਗਾ।"

9 ਅਤੇ ਉਸਨੇ ਕਿਹਾ ਕਿ ਉਹ ਦੂਰ ਦੂਸਰੇ ਪਾਸੇ ਚਲਾ ਗਿਆ ਅਤੇ ਜਿਵੇਂ ਹੀ...ਉਥੇ ਅੰਧਕਾਰ ਸੀ ਅਤੇ ਜਿਵੇਂ ਉਸਨੇ ਚਲਣਾ ਸੁਰੂ ਕੀਤਾ ਉਜਾਲਾ ਵੱਧਦਾ ਗਿਆ ਅਤੇ ਉਸਨੇ ਕਿਹਾ ਕਿ ਇੰਝ ਲਗਦਾ ਸੀ ਜਿਵੇਂ ਇਸ ਉਜਾਲੇ ਦਾ ਕੋਈ ਅੰਤ ਨਾ ਹੋਵੇ ਅਤੇ ਉਹ ਠੀਕ ਉਸਦੇ ਵਿੱਚਕਾਰ ਸੀ। ਅਤੇ ਉਸਨੇ ਕਿਹਾ, "ਕੌਣ ਮੇਰੇ ਨਿਆਂ ਦੇ ਸਿੰਘਾਸਣ ਵਲ੍ਹ ਆਉਂਦਾ ਹੈ?"

10 ਉਸਨੇ ਕਿਹਾ, “ਮੈਂ ਆਰਥਰ ਮ੍ਕੋਏ ਹਾਂ। ਮੈਂ ਇੱਕ ਪ੍ਰਚਾਰਕ ਹਾਂ ਅਤੇ ਬਹੁਤ ਸਾਰੀਆਂ ਰੂਹਾਂ ਸਵਰਗ ਰਾਜ ਵਿੱਚ ਭੇਜੀਆਂ ਹਨ।”

ਉਸਨੇ ਕਿਹਾ, “ਕੀ ਤੇਰਾ ਨਾਮ ਕਿਤਾਬ ਵਿੱਚ ਨਹੀਂ ਮਿਲਿਆ?”

“ਨਹੀਂ ਜੀ।”

ਕਿਹਾ, “ਇਸ ਲਈ ਤੂੰ ਮੇਰੀ ਅਦਾਲਤ ਨੂੰ ਅਪੀਲ ਕੀਤੀ ਹੈ?”

“ਹਾਂ, ਸ਼੍ਰੀਮਾਨ।”

11 “ਤੈਨੂੰ ਨਿਆਂ ਮਿਲੇਗਾ। ਮੈਂ ਤੇਰਾ ਨਿਆਂ ਆਪਣੇ ਕਾਨੂੰਨ ਨਾਲ ਕਰਾਂਗਾ। ਆਰਥਰ ਮ੍ਕੋਏ, ਕੀ ਤੂੰ ਕਦੇ ਝੂਠ ਬੋਲਿਆ ਹੈ?”

12 ਉਸਨੇ ਕਿਹਾ, “ਉਸ ਉਜਾਲੇ ਵਿੱਚ ਖੜ੍ਹੇ ਹੋਣ ਤੋਂ ਪਹਿਲਾਂ ਮੈਂ ਸੋਚਦਾ ਸੀ ਕਿ ਮੈਂ ਇੱਕ ਬਹੁਤ ਵਧੀਆ ਇਨਸਾਨ ਹਾਂ।” ਉਸਨੇ ਕਿਹਾ, “ਪਰ ਉਸ ਉਜਾਲੇ ਦੀ ਹਜ਼ੂਰੀ ਵਿੱਚ ਮੈਂ ਇੱਕ ਪਾਪੀ ਸੀ।” ਅਸੀਂ ਸਾਰੇ ਇੰਝ ਹੀ ਮਹਿਸੂਸ ਕਰਾਂਗੇ। ਤੁਸੀਂ ਹੁਣ ਸੁਰੱਖਿਅਤ ਮਹਿਸੂਸ ਕਰ ਸਕਦੇ ਹੋ ਪਰ ਉਸ ਥਾਂ ਤੇ ਜਾਣ ਦਾ ਇੰਤਜ਼ਾਰ ਕਰੋ। ਤੁਸੀਂ ਕਿਹੋ ਜਿਹਾ ਮਹਿਸੂਸ ਕਰਦੇ ਹੋ ਜਦ ਉਹ ਮਸਹ ਕਰ ਰਿਹਾ ਹੁੰਦਾ ਹੈ? ਤੁਸੀਂ ਕਿੰਨਾ ਘੱਟ ਮਹਿਸੂਸ ਕਰਦੇ ਹੋ! ਨਿਆਂ ਦੇ ਉਸ ਚਿੱਟੇ ਸਿੰਘਾਸਣ ਤੇ ਕੀ ਹੋਵੇਗਾ?

ਉਸਨੇ ਕਿਹਾ, “ਕੀ ਤੂੰ ਕਦੇ ਝੂਠ ਬੋਲਿਆ ਹੈ?”

13 ਉਸਨੇ ਕਿਹਾ, “ਮੈਂ ਸੋਚਦਾ ਸਾਂ ਕਿ ਮੈਂ ਸੱਚਾ ਰਿਹਾ ਸੀ, ਪਰ ਕੁਝ ਛੋਟੀਆਂ ਗਲਾਂ ਜੋ ਮੈਂ ਸੋਚਦਾ ਸਾਂ ਕਿ ਉਹ ਛੋਟੇ ਸੁਥਰੇ ਝੂਠ ਸਨ, ਉਹ ਉਥੇ ਵੱਡੇ ਅਤੇ ਕਾਲੇ ਬਣ ਗਏ।”

ਉਸਨੇ ਕਿਹਾ, “ਹਾਂ, ਸ਼੍ਰੀਮਾਨ, ਮੈਂ ਝੂਠ ਬੋਲਿਆ ਹੈ।”

ਉਸਨੇ ਕਿਹਾ, “ਕੀ ਤੂੰ ਕਦੇ ਚੋਰੀ ਕੀਤੀ?”

14 ਉਸਨੇ ਕਿਹਾ, “ਮੈਂ ਸੋਚਦਾ ਸਾਂ ਕਿ ਇਸਦੇ ਬਾਰੇ ਮੈਂ ਇਮਾਨਦਾਰ ਸੀ ਅਤੇ ਕਦੇ ਚੋਰੀ ਨਹੀਂ ਕੀਤੀ ਸੀ,” ਪਰ ਕਿਹਾ, “ਉਸ ਉਜਾਲੇ ਦੀ ਹਜ਼ੂਰੀ ਵਿੱਚ, ਮੈਨੂੰ ਅਹਿਸਾਸ ਹੋਇਆ ਕਿ ਮੈਂ ਕੁਝ ਸੌਦੇ ਕੀਤੇ ਸਨ, ਜੋ ਜਾਇਜ ਨਹੀਂ ਸਨ।”

ਉਸਨੇ ਕਿਹਾ, “ਹਾਂ, ਸ਼੍ਰੀਮਾਨ, ਮੈਂ ਚੋਰੀ ਕੀਤੀ ਹੈ।”

ਉਸਨੇ ਕਿਹਾ, “ਮੇਰਾ ਫੈਂਸਲਾ...”

15 ਅਤੇ ਉਹ ਆਪਣੀ ਸਜ਼ਾ ਸੁਣਨ ਲਈ ਤਿਆਰ ਸੀ, “ਸਦੀਪਕ ਅੱਗ ਵਿੱਚ ਚਲਿਆ ਜਾ ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ,” ਅਤੇ ਉਹ ਕਹਿੰਦਾ ਹੈ ਕਿ ਉਸਦੀ ਹਰੇਕ ਹੱਡੀ ਹਿਲ ਰਹੀ ਸੀ।

16 ਕਿਹਾ, “ਮੈਂ ਆਪਣੀ ਜਿੰਦਗੀ ਦੀ ਸਭ ਤੋਂ ਮਧੁਰ ਅਵਾਜ਼ ਸੁਣੀ।” ਉਸਨੇ ਕਿਹਾ, “ਜਦ ਮੈਂ ਵੇਖਣ ਲਈ ਮੁੜ੍ਹਿਆ ਤਾਂ ਮੈਂ ਸਭ ਤੋਂ ਪਿਆਰਾ ਚਿਹਰਾ ਵੇਖਿਆ ਜੋ ਮੈਂ ਕਦੇ ਵੇਖਿਆ ਸੀ; ਮਾਂ ਦੇ ਚੇਹਰੇ ਤੋਂ ਵੀ ਪਿਆਰਾ, ਉਸ ਨਾਲੋਂ ਵੀ ਮਿਠੀ ਅਵਾਜ਼ ਜਿਸ ਨਾਲ ਮੇਰੀ ਮਾਂ ਨੇ ਮੈਨੂੰ ਕਦੇ ਬੁਲਾਇਆ ਸੀ।” ਉਹ ਕਹਿੰਦਾ ਹੈ ਕਿ ਉਸਨੇ ਵੇਖਿਆ ਅਤੇ ਇਕ ਅਵਾਜ਼ ਸੁਣੀ ਜੋ ਕਹਿ ਰਹੀ ਸੀ, ‘ਪਿਤਾ, ਇਹ ਸੱਚ ਹੈ ਕਿ ਉਸਨੇ ਝੂਠ ਬੋਲੇ ਹਨ ਅਤੇ ਉਹ ਈਮਾਨਦਾਰ ਨਹੀਂ

ਸੀ। ਪਰ ਧਰਤੀ ਤੇ ਓਹ ਮੇਰੇ ਲਈ ਖੜ੍ਹਾ ਸੀ,' ਅਤੇ ਕਿਹਾ, 'ਹੁਣ ਮੈਂ ਇਸਦੀ ਜਗ੍ਹਾ ਤੇ ਖੜ੍ਹਾ ਹੋਵਾਂਗਾ।'"

17 ਮੈਂ ਚਾਹੁੰਦਾ ਹਾਂ ਕਿ ਉਥੇ ਅਜਿਹਾ ਹੀ ਹੋਵੇ। ਹੁਣ ਮੈਂ ਉਸ ਲਈ ਖੜ੍ਹਾ ਹੋਣਾ ਚਾਹੁੰਦਾ ਹਾਂ ਤਾਂਕਿ ਜਦ ਉਹ ਸਮਾਂ ਆਵੇ, ਉਹ ਮੇਰੀ ਜਗ੍ਹਾ ਤੇ ਖੜ੍ਹਾ ਹੋਵੇ।

18 ਆਓ ਉਤਪਤ 22 ਅਧਿਆਏ ਵਿਚੋਂ 15 ਤੋਂ 18 ਆਇਤ ਤੱਕ ਪੜ੍ਹਾਂਗੇ।

*ਫੇਰ ਯਹੋਵਾਹ ਦੇ ਦੂਤ ਨੇ ਅਕਾਸ਼ੋਂ ਅਬਰਾਹਾਮ ਨੂੰ ਦੂਜੀ ਵਾਰ ਸੱਦਿਆ।*

*ਅਤੇ ਆਖਿਆ, ਮੈਂ ਆਪ ਆਪਣੀ ਸੌਂਹ ਖਾਧੀ ਹੈ ਯਹੋਵਾਹ ਦਾ ਵਾਕ ਹੈ ਕਿਓਂਜੋ ਤੈਂ ਇਹ ਕੰਮ ਕੀਤਾ ਅਤੇ ਆਪਣੇ ਪੁੱਤ੍ਰ ਸਗੋਂ ਆਪਣੇ ਇਕਲੌਤੇ ਦਾ ਵੀ ਸਰਫਾ ਨਹੀਂ ਕੀਤਾ।*

*ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਰ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਅੱਤ ਵਧਾਵਾਂਗਾ ਅਰ ਤੇਰੀ ਅੰਸ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ।*

*ਅਤੇ ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ ਕਿਉਂਜੋ ਤੈਂ ਮੇਰੀ ਅਵਾਜ਼ ਦੀ ਆਗਿਆਕਾਰੀ ਕੀਤੀ ਹੈ।*

ਆਓ ਅਸੀਂ ਪ੍ਰਾਰਥਨਾ ਕਰੀਏ।

19 ਸਵਰਗੀ ਪਿਤਾ, ਹੁਣ ਪੁਸਤਕ ਨੂੰ ਲੈ ਲਵੋ ਪ੍ਰਭੂ ਅਤੇ ਸਾਡੇ ਲਈ ਪ੍ਰਚਾਰ ਕਰੋ। ਪ੍ਰਭੂ ਹੋਣ ਦੇ ਕਿ ਪਵਿਤ੍ਰ ਆਤਮਾ ਵਚਨਾਂ ਨੂੰ ਹਰ ਇੱਕ ਹਿਰਦੇ ਵਿੱਚ ਲੈ ਕੇ ਜਾਵੇ। ਪ੍ਰਭੂ ਸਾਡੀਆਂ ਉਮੀਦਾਂ ਬਹੁਤ ਜਿਆਦਾ ਹਨ ਅਤੇ ਪਵਿਤ੍ਰ ਆਤਮਾ ਸਾਡੀਆਂ ਉਮੀਦਾਂ ਨੂੰ ਪੂਰਾ ਕਰੇ। ਅਤੇ ਤੁਸੀਂ ਸਾਨੂੰ ਕਿਹਾ ਸੀ ਕਿ ਮੰਗੋ ਤਾਂ ਤੁਹਾਨੂੰ ਮਿਲੇਗਾ ਭਈ ਤੁਹਾਡਾ ਆਨੰਦ ਪੂਰਾ ਹੋਵੇ। ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

ਤੁਸੀਂ ਬੈਠ ਸਕਦੇ ਹੋ।

20 ਮੈਂ ਕੁਝ ਸਮੇਂ ਲਈ ਇਸ ਵਿਸ਼ੇ ਤੇ ਬੋਲਾਂਗਾ। ਮੇਰੀ ਅਵਾਜ਼ ਕਮਜੋਰ ਹੈ ਇਸ ਕਾਰਨ ਮੈਨੂੰ ਮਾਈਕ ਦੇ ਕੋਲ ਖੜ੍ਹਾ ਹੋਣਾ ਪੈਣਾ ਹੈ। ਮੈਂ ਜਾਣਦਾ ਹਾਂ ਕਿ ਅਵਾਜ਼ ਗੂੰਜ ਰਹੀ ਹੈ ਪਰ ਅਸੀਂ ਥੋੜ੍ਹਾ ਸਹਿਣ ਕਰਾਂਗੇ। ਮੇਰਾ ਵਿਸ਼ਾ ਹੈ: *ਪਰਖ ਤੋਂ ਬਾਅਦ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰਨਾ।*

21 ਸਾਡਾ ਦ੍ਰਿਸ਼ ਅਬਰਾਹਾਮ ਦੇ ਸਭ ਤੋਂ ਅਦਭੁਤ ਦ੍ਰਿਸ਼ ਉੱਤੇ ਖੁਲਦਾ ਹੈ। ਤੁਸੀਂ ਜਾਣਦੇ ਹੋ ਕਿ ਅਬਰਾਹਾਮ ਵਿਸ਼ਵਾਸੀਆਂ ਦਾ ਪਿਤਾ ਹੈ। ਅਤੇ ਵਾਅਦਾ ਉਸ ਨੂੰ ਦਿੱਤਾ ਗਿਆ ਸੀ। ਅਤੇ ਅਸੀਂ ਮਸੀਹ ਦੁਆਰਾ ਹੀ ਉਸ ਦੇ ਨਾਲ ਵਾਰਸ ਹਾਂ ਅਤੇ ਅਬਰਾਹਾਮ ਦੁਆਰਾ ਹੀ ਅਸੀਂ ਵਾਅਦੇ ਨੂੰ ਲੈਂਦੇ ਹਾਂ। ਹੁਣ ਅਬਰਾਹਾਮ ਸਿਰਫ ਇੱਕ ਸਾਧਾਰਣ ਜਿਹਾ ਮਨੁੱਖ ਸੀ ਪਰ ਉਸ ਨੂੰ ਪਰਮੇਸ਼ੁਰ ਨੇ ਬੁਲਾਇਆ ਸੀ ਅਤੇ ਉਹ ਉਸ ਬੁਲਾਹਟ ਪ੍ਰਤੀ ਵਫ਼ਾਦਾਰ ਸੀ। ਜਦੋਂ ਪਰਮੇਸ਼ੁਰ ਉਸ ਨਾਲ ਬੋਲਿਆ ਉਸ ਨੇ ਇੱਕ ਵਾਰੀ ਵੀ ਉਸ ਅਵਾਜ਼ ਤੇ ਸ਼ੱਕ ਨਹੀਂ ਕੀਤਾ। ਉਹ ਉਸ ਦੇ ਨਾਲ ਬਣਿਆ ਰਿਹਾ। ਮੁਸ਼ਕਿਲਾਂ ਦੀ ਕੋਈ ਪਰਵਾਹ ਨਹੀਂ ਸੀ, ਉਹ ਉਸਦੇ ਨਾਲ ਬਣਿਆ ਰਿਹਾ।

22 ਅਤੇ ਫਿਰ ਉਸ ਨੂੰ ਇੱਕ ਪੁੱਤਰ ਦਾ ਵਾਅਦਾ ਦਿੱਤਾ ਗਿਆ। ਅਤੇ ਉਸ ਪੁੱਤਰ ਦੇ ਲਈ ਉਸਨੇ ਪੰਝੀ ਸਾਲ ਇੰਤਜਾਰ ਕੀਤਾ ਅਤੇ ਇਸਦੇ ਵਿਰੁੱਧ ਜੋ ਕੁਝ ਵੀ ਸੀ ਉਸ ਨੂੰ ਨਾ ਮੰਨਿਆ। ਅਤੇ ਫਿਰ ਉਸ ਪੁੱਤਰ ਵਿੱਚ ਸਾਰੀ ਧਰਤੀ ਦੇ ਘਰਾਣਿਆਂ ਨੂੰ ਆਸ਼ੀਸ਼ ਮਿਲਣੀ ਸੀ। ਅਤੇ ਘਰਾਣੇ ਦਾ ਸਰਦਾਰ ਆਪਣੇ ਬੁਲਾਏ ਜਾਣ ਅਤੇ ਵਾਅਦਾ ਕੀਤੇ ਹੋਏ ਵਚਨ ਪ੍ਰਤੀ ਵਫ਼ਾਦਾਰ ਸੀ।

23 ਉਹ ਉਸਦੇ ਲਈ ਇੱਕ ਮਿਸਾਲ ਸੀ ਜੋ ਸਾਨੂੰ ਹੋਣਾ ਚਾਹੀਦਾ ਹੈ। ਹੁਣ ਅਸੀਂ ਮਸੀਹ ਵਿੱਚ ਮੋਏ ਹੋਏ ਹਾਂ, ਅਸੀਂ ਅਬਰਾਹਾਮ ਦੀ ਵੰਸ਼ ਹਾਂ।

24 ਹੁਣ ਅਬਰਾਹਾਮ ਦੇ ਦੋ ਵੰਸ਼ ਸਨ। ਉਹਨਾਂ ਵਿਚੋਂ ਇੱਕ ਸੁਭਾਵਿਕ ਵੰਸ਼ ਸੀ; ਅਤੇ ਦੂਸਰਾ ਆਤਮਿਕ ਵੰਸ਼ ਸੀ। ਉਹਨਾਂ ਵਿਚੋਂ ਇੱਕ ਸੁਭਾਵਿਕ ਸੀ ਜੋ ਉਸਦੇ ਸਰੀਰ ਦੁਆਰਾ ਆਇਆ; ਅਤੇ ਦੂਸਰਾ ਵੰਸ਼ ਉਸਦੇ ਵਿਸ਼ਵਾਸ ਦੁਆਰਾ ਹੈ, ਵਿਸ਼ਵਾਸ਼, ਤਾਂ ਜੋ ਅਸੀਂ ਵੀ ਵਾਅਦਾ ਕੀਤੇ ਹੋਏ ਵਚਨ ਅਨੁਸਾਰ ਉਸਦੀ ਸੰਤਾਨ ਹੋਈਏ।

25 ਅਤੇ ਹੁਣ ਉਸਨੂੰ ਪੰਝੀ ਸਾਲ ਦੇ ਲਮੇਂ ਸਮੇਂ ਤੱਕ ਪਰਖਿਆ ਗਿਆ ਸੀ ਅਤੇ ਉਹ ਇਸਦੇ ਬਾਵਜੂਦ ਕਮਜੋਰ ਹੋਣ ਦੇ ਬਜਾਏ ਤਗੜਾ ਹੋ ਰਿਹਾ ਸੀ। ਵੇਖੋ, ਜੇ ਇਹ ਪਹਿਲੇ ਸਾਲ ਨਹੀਂ ਹੁੰਦਾ ਤਾਂ ਜਦ ਇਹ ਅਗਲੇ ਸਾਲ ਹੋਵੇਗਾ ਤਾਂ ਹੋਰ ਵੀ ਵੱਡਾ ਚਮਤਕਾਰ ਹੋਵੇਗਾ ਕਿਓਂਕਿ ਉਹ ਦੋ ਸਾਲ ਹੋਰ ਬੁਢਾ ਹੋ ਗਿਆ ਸੀ। ਜਿਵੇਂ ਸਾਲ ਬੀਤਦੇ ਗਏ, ਉਹ ਹੋਰ ਬੁਢਾ ਹੁੰਦਾ ਗਿਆ ਅਤੇ ਉਸਦਾ ਸਰੀਰ ਮੁਰਝਾ ਚੁਕਾ ਸੀ। ਅਤੇ ਸਾਰਾਹ ਦਾ ਗਰਭ ਸੁੱਕ ਗਿਆ ਸੀ। ਅਤੇ ਇਸਲਈ ਅਬਰਾਹਾਮ ਦਾ ਬਲ ਜਾ ਚੁਕਾ ਸੀ ਅਤੇ…ਇਹ ਪੂਰੀ ਤਰ੍ਹਾਂ ਅਸੰਭਵ ਸੀ।

26 ਕੀ ਤੁਸੀਂ ਕਦੇ ਸੋਚਿਆ ਕਿ ਪਰਮੇਸ਼ੁਰ ਨੇ ਉਥੇ ਕੀ ਕੀਤਾ? ਉਸਨੇ ਸਿਰਫ ਉਸਦੇ ਗਰਭ ਨੂੰ ਉਪਜਾਊ ਨਹੀਂ ਬਣਾਇਆ। ਕਿਓਂਕਿ ਯਾਦ ਰਖੋ ਕਿ ਜੇਕਰ ਉਹ ਸਿਰਫ ਇੰਨਾ ਹੀ ਕਰਦਾ ਤਾਂ…ਉਹਨਾਂ ਦਿਨਾਂ ਵਿੱਚ ਉਹਨਾਂ ਕੋਲ ਬਚੇ ਨੂੰ ਗਾਂ ਦਾ ਦੁਧ ਪਿਆਉਣ ਲਈ ਸਾਫ਼ ਸੁਥਰੀਆਂ ਬੋਤਲਾਂ ਨਹੀਂ ਸਨ। ਵੇਖਿਆ? ਉਸ ਨੂੰ ਇਹ ਵੀ…ਕਿਓਂਕਿ ਉਸਦੀ ਦੁਧ ਦੀਆਂ ਨਾੜੀਆਂ ਸੁੱਕ ਚੁਕੀਆਂ ਸਨ। ਇਸਲਈ ਉਸਨੂੰ… ਉਥੇ ਕੁਝ ਤਾਂ ਹੋਣਾ ਸੀ।

27 ਵੇਖੋ ਕਿ ਇੱਕ ਸੌ ਸਾਲ ਦੀ ਔਰਤ ਜੇਕਰ ਗਰਭ ਦੀਆਂ ਪੀੜ੍ਹਾਂ ਵਿੱਚ ਜਾਂਦੀ ਤਾਂ ਉਸਦਾ ਦਿਲ ਇਸਨੂੰ ਸਹਿਣ ਨਹੀਂ ਸੀ ਕਰ ਸਕਦਾ। ਹੁਣ ਤਾਂ ਚਾਲੀ ਸਾਲ ਦੀ ਔਰਤ ਲਈ ਵੀ ਇਹ ਬਹੁਤ ਔਖਾ ਹੈ। ਉਸਦਾ ਦਿਲ ਇਸਨੂੰ ਸਹਿਣ ਨਹੀਂ ਕਰ ਸਕਦਾ। ਇਸਲਈ ਤੁਸੀਂ ਜਾਣਦੇ ਹੋ ਕਿ ਉਸਨੇ ਕੀ ਕੀਤਾ? ਜੇਕਰ ਤੁਸੀਂ ਧਿਆਨ ਦਿਓ…

28 ਹੁਣ ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਲੋਕ ਇਸ ਨਾਲ ਸਹਿਮਤ ਨਹੀਂ ਹੋਣਗੇ। ਕੀ ਇਹ ਕਹਿਣਾ ਠੀਕ ਹੈ? ਵੇਖੋ, ਮੈਂ…ਇਹ ਸਿਰਫ ਮੇਰੀ ਆਪਣੀ ਹੀ ਸੋਚ ਹੋਵੇਗੀ।

29 ਵੇਖੋ, ਬਾਈਬਲ ਇੱਕ ਅਲੌਕਿਕ ਪੁਸਤਕ ਹੈ। ਇਹ ਇਸ ਤਰ੍ਹਾਂ ਲਿਖੀ ਹੋਈ ਹੈ ਕਿ ਵਿਦਵਾਨਾਂ ਤੋਂ ਛੁਪੀ ਰਹੇ। ਕਿੰਨੇ ਇਹ ਜਾਣਦੇ ਹਨ? ਯਿਸੂ ਨੇ ਇਸ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ। ਉਸਨੇ ਕਿਹਾ, "ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ, ਜੋ ਤੈਂ ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਗੁਪਤ ਰਖਿਆ ਅਤੇ ਉਨ੍ਹਾਂ ਨੂੰ ਨਿਆਣਿਆਂ ਉੱਤੇ ਪਰਗਟ ਕੀਤਾ।" ਇਹ ਪ੍ਰੇਮ ਦੀ ਪੁਸਤਕ ਹੈ। ਜੱਦ ਪਰਮੇਸ਼ੁਰ ਦਾ ਪ੍ਰੇਮ ਤੁਹਾਡੇ ਹਿਰਦੇ ਵਿੱਚ ਆਉਂਦਾ ਹੈ ਤਾਂ ਤੁਸੀਂ ਉਸ ਨਾਲ ਪ੍ਰੇਮ ਕਰਨ ਲਗਦੇ ਹੋ ਅਤੇ ਫਿਰ ਉਹ ਆਪਣੇ ਆਪ ਨੂੰ ਅਤੇ ਬਾਈਬਲ ਦੇ

ਭੇਤ ਨੂੰ ਪਰਗਟ ਕਰਦਾ ਹੈ। ਬਾਈਬਲ ਦਾ ਅਨੁਵਾਦ ਇਹ ਹੈ ਕਿ ਪਰਮੇਸ਼ੁਰ ਆਪ ਹੀ ਆਪਣੇ ਵਾਅਦਿਆਂ ਦਾ ਅਨੁਵਾਦ ਕਰਦਾ ਹੈ। ਪਰ ਬਾਈਬਲ ਲਾਈਨਾਂ ਦੇ ਵਿੱਚ ਲਿਖੀ ਗਈ ਹੈ।

30 ਹੁਣ ਜਿਵੇਂ ਮੇਰੀ ਪਤਨੀ, ਔਹ, ਉਹ ਸਾਰੇ ਸੰਸਾਰ ਵਿੱਚ ਸਭ ਤੋਂ ਅਦਭੁਤ ਔਰਤ ਹੈ ਅਤੇ ਮੈਂ ਉਸਨੂੰ ਸੱਚਮੁਚ ਪ੍ਰੇਮ ਕਰਦਾ ਹਾਂ। ਉਹ ਮੈਨੂੰ ਪ੍ਰੇਮ ਕਰਦੀ ਹੈ। ਇਸਲਈ ਜੱਦ ਮੈਂ ਘਰੋਂ ਦੂਰ ਹੁੰਦਾ ਹਾਂ, ਉਹ ਮੈਨੂੰ ਪੱਤਰ ਲਿਖਦੀ ਹੈ, ਜਿਵੇਂ, "ਪਿਆਰੇ ਬਿਲ, ਅੱਜ ਰਾਤ ਮੈਂ ਬਚਿਆਂ ਨੂੰ ਹੁਣੇ ਹੁਣੇ ਸੁਲਾਇਆ ਹੈ ਅਤੇ ਅੱਜ ਮੈਂ ਕਪੜੇ ਵੀ ਧੋਤੇ ਹਨ," ਅਤੇ ਸਭ ਕੁਝ ਜੋ ਉਹ ਕਰਦੀ ਹੈ ਅਤੇ ਇਸ ਤਰ੍ਹਾਂ ਦੀਆਂ ਗਲਾਂ ਉਹ ਪੱਤਰ ਵਿੱਚ ਲਿਖਦੀ ਹੈ। ਹੁਣ ਪੱਤਰ ਵਿੱਚ ਤਾਂ ਉਹ ਇਹ ਗਲਾਂ ਕਹਿੰਦੀ ਹੈ। ਪਰ, ਤੁਸੀਂ ਵੇਖਦੇ ਹੋ ਕਿ ਮੈਂ ਉਸਨੂੰ ਇੰਨਾ ਪ੍ਰੇਮ ਕਰਦਾ ਹਾਂ ਅਤੇ ਅਸੀਂ ਇੰਨੇ ਜਿਆਦਾ ਇੱਕ ਹੋ ਚੁਕੇ ਹਾਂ ਕਿ ਮੈਂ—ਮੈਂ ਲਾਈਨਾਂ ਦੇ ਵਿੱਚਲੀ ਗਲ ਪੜ੍ਹ ਸਕਦਾ ਹਾਂ। ਭਾਵੇਂ ਉਹ ਮੈਨੂੰ ਕਹੇ ਜਾ ਨਾ ਕਹੇ ਮੈਂ ਜਾਣਦਾ ਹਾਂ ਕਿ ਉਹ ਕੀ ਕਹਿਣਾ ਚਾਹੁੰਦੀ ਹੈ। ਮੈਂ—ਮੈਂ ਜਾਣਦਾ ਹਾਂ ਕਿ ਉਹ ਕੀ ਕਹਿਣਾ ਚਾਹੁੰਦੀ ਹੈ ਕਿਓਂਕਿ ਇਹ ਮੇਰਾ ਉਸਦੇ ਲਈ ਪ੍ਰੇਮ ਹੈ ਅਤੇ ਮੈਂ ਉਸ ਨੂੰ ਸਮਝਦਾ ਹਾਂ।

31 ਖੈਰ, ਬਾਈਬਲ ਵੀ ਇਸੇ ਤਰ੍ਹਾਂ ਲਿਖੀ ਗਈ ਹੈ। ਵੇਖਿਆ? ਗਿਆਨੀ ਇਸਨੂੰ ਉਪਰੋਂ ਪੜ੍ਹ ਸਕਦੇ ਹਨ; ਉਹ ਇਸ ਨੂੰ ਕਦੇ ਵੀ ਸਮਝ ਨਹੀਂ ਸਕਣਗੇ। "ਉਸ ਨੂੰ ਜਾਨਣ ਲਈ" ਤੁਹਾਨੂੰ ਉਸਦੇ ਵਚਨ ਨਾਲ ਪ੍ਰੇਮ ਹੋਣਾ ਚਾਹੀਦਾ ਹੈ। ਵੇਖਿਆ?

32 ਹੁਣ ਇਹ ਦੇਖੋ ਕਿ ਉਸਨੇ ਉਥੇ ਕੀ ਕੀਤਾ? ਹੁਣ ਅਬਰਾਹਾਮ ਅਤੇ ਸਾਰਾਹ ਦੋਨੋਂ ਬੁਢੇ ਹੋ ਚੁਕੇ ਸਨ, ਬਾਈਬਲ ਦਸਦੀ ਹੈ ਕਿ ਉਹ "ਬਹੁਤ ਜਿਆਦਾ ਬਿਰਧ" ਸਨ। ਹੁਣ ਇਸ ਤਰ੍ਹਾਂ ਨਹੀਂ ਹੈ ਕਿ ਉਸ ਸਮੇਂ ਲੋਕ ਜਿਆਦਾ ਸਮਾਂ ਜਿਉਂਦੇ ਸਨ। ਬਾਈਬਲ ਦਸਦੀ ਹੈ ਕਿ, "ਉਹ ਬੁਢੇ ਅਤੇ ਵੱਡੀ ਉਮਰ ਦੇ ਸਨ।"

33 ਹੁਣ ਧਿਆਨ ਦਿਓ, ਇਸ ਦੂਤ ਦੇ ਦਿਖਾਈ ਦੇਣ ਤੋਂ ਬਾਅਦ ਹੀ, ਜਿਸਦੇ ਬਾਰੇ ਅਸੀਂ ਗਲ ਕਰ ਰਹੇ ਹਾ; ਉਹ ਏਲੋਹੀਮ, ਪਰਮੇਸ਼ੁਰ ਸੀ। ਅਤੇ ਉਸਨੇ ਅਬਰਾਹਾਮ ਨੂੰ ਕਿਹਾ, "ਮੈਂ ਬਹਾਰ ਦੀ ਰੁੱਤੇ ਤੇਰ ਕੋਲ ਮੁੜ੍ਹ ਆਵਾਂਗਾ।" ਹੁਣ ਅੰਤ ਤੱਕ ਦੇਖੋ ਉਹ ਇੱਕ ਕਲੀਸਿਯਾ ਦਾ ਪ੍ਰਤਿਰੂਪ ਸਨ।

34 ਹੁਣ ਵੇਖੋ ਉਥੇ ਕੀ ਹੋਇਆ ਸੀ। ਹੁਣ ਉਸਨੇ ਅਬਰਾਹਾਮ ਅਤੇ ਸਾਰਾਹ ਦੀ ਸਿਰਫ ਕੰਮ ਚਲਾਉ ਮੁਰੰਮਤ ਨਹੀਂ ਕੀਤੀ। ਉਸਨੇ ਉਹਨਾਂ ਨੂੰ ਫਿਰ ਤੋਂ ਇੱਕ ਜਵਾਨ ਆਦਮੀ ਅਤੇ ਜਵਾਨ ਔਰਤ ਬਣਾ ਦਿੱਤਾ। ਹੁਣ ਇਹ ਬਹੁਤ ਅਜੀਬ ਲਗੇਗਾ ਪਰ ਹੁਣ ਬਾਕੀ ਵਚਨ ਇੱਕਠਾ ਕਰਕੇ ਵੇਖੋ। ਵਚਨ ਪ੍ਰੇਰਨਾ ਹੈ ਅਤੇ ਵਚਨ ਦੇ ਨਾਲ ਤਾਹੁਨੂੰ ਪ੍ਰੇਰਨਾ ਹੋਣੀ ਚਾਹੀਦੀ ਹੈ। ਹੁਣ, ਯਾਦ ਰਖੋ, ਉਸ ਤੋਂ ਬਾਅਦ ਹੀ, ਦੂਤ ਦੇ ਦਿਖਾਈ ਦੇਣ ਤੋਂ ਬਾਅਦ ਹੀ…

35 ਮੈਂ ਵੇਖ ਸਕਦਾ ਹਾਂ ਕਿ ਸਾਰਾਹ ਇੱਕ ਪੱਕੇ ਹੋਏ ਵਾਲਾਂ ਵਾਲੀ ਛੋਟੀ ਜਿਹੀ ਦਾਦੀ ਮਾਂ ਆਪਣੇ ਮੋਢਿਆਂ ਤੇ ਸ਼ਾਲ ਲਈ ਅਤੇ ਸਿਰ ਤੇ ਟੋਪੀ ਪਾਈ, ਇੱਕ ਸੋਟੀ ਫੜ੍ਹਕੇ ਇਹ ਕਹਿੰਦੀ ਘੁੰਮੀ ਜਾ ਰਹੀ ਸੀ, "ਮੈਨੂੰ ਮੇਰੇ ਸਵਾਮੀ ਨਾਲ ਇਹ ਸੁਖ ਮਿਲੇਗਾ ਅਤੇ ਉਹ ਵੀ ਜੱਦ ਉਹ ਬੁਢਾ ਹੋ ਚੁਕਾ ਹੈ?" ਵੇਖੋ? ਅਤੇ ਅਬਰਾਹਾਮ ਸੋਟੀ ਫੜ੍ਹਕੇ ਖੜ੍ਹਾ ਸੀ ਕਿਓਂਕਿ ਉਹ ਬਹੁਤ ਜਿਆਦਾ ਬਿਰਧ ਸੀ, ਉਸਦੀ ਲੰਮੀ ਦਾੜ੍ਹੀ ਇਹ ਬਿਆਨ ਕਰਦੀ ਸੀ।

36 ਅਤੇ ਮੈਂ ਵੇਖਦਾਂ ਹਾਂ ਕਿ ਅਗਲੀ ਸਵੇਰ ਅਬਰਾਹਾਮ ਦੇ ਮੋਢੇ ਸਿੱਧੇ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸਦੇ ਲੱਕ ਦਾ ਕੁੱਬ ਵੀ ਨਿਕਲ ਜਾਂਦਾ ਹੈ। ਸਾਰਾਹ ਦੇ ਵਾਲ ਬਦਲਣੇ ਸੁਰੂ ਹੋ

ਜਾਂਦੇ ਹਨ। ਉਹ ਦੋਵੇਂ ਫਿਰ ਇੱਕ ਜਵਾਨ ਆਦਮੀ ਅਤੇ ਔਰਤ ਬਣ ਗਏ। ਪਰਮੇਸ਼ੁਰ ਸਿਰਫ ਇਹ ਵਿਖਾ ਰਿਹਾ ਸੀ ਕਿ ਉਹ ਅਬਰਾਹਾਮ ਦੇ ਸਾਹੀ ਬੀਜ ਨਾਲ ਕੀ ਕਰੇਗਾ, ਵੇਖੋ, ਜਦੋਂ ਅਸੀਂ "ਛਿਣ ਭਰ ਵਿੱਚ ਅੱਖ ਦੀ ਝਮਕ ਵਿੱਚ ਬਦਲ ਜਾਵਾਂਗੇ ਅਤੇ ਇਕੱਠੇ ਉਤਾਂਹ ਉਠਾ ਲਏ ਜਾਵਾਂਗੇ।"

37 ਵੇਖੋ ਕੀ ਹੋਇਆ। ਹੁਣ ਮੈਂ ਤੁਹਾਨੂੰ ਇਹ ਸਾਬਿਤ ਕਰਕੇ ਵਿਖਾਵਾਂਗਾ। ਹੁਣ ਉਹਨਾਂ ਨੇ ਜਿਥੇ ਉਹ ਸਨ ਉਥੋਂ ਇੱਕ ਯਾਤਰਾ ਕੀਤੀ, ਉਹ ਅਮੂਰਾਹ ਤੋਂ ਚਲੇ ਅਤੇ ਸਾਰਾ ਰਸਤਾ ਸਫਰ ਕਰਕੇ ਗਰਾਰ ਸ਼ਹਿਰ, ਫਲਿਸਤੀਨ ਦੀ ਧਰਤੀ ਵਿੱਚ ਗਏ। ਕੀ ਤੁਸੀਂ ਧਿਆਨ ਦਿੱਤਾ? ਨਕਸ਼ੇ ਤੇ ਵੇਖੋ ਇਹ ਕਿਨਾਂ ਸਫਰ ਸੀ। ਉਸ ਉਮਰ ਦੇ ਬਿਰਧ ਜੋੜੇ ਲਈ ਇਹ ਇੱਕ ਬਹੁਤ ਜਿਆਦਾ ਸਫਰ ਸੀ।

38 ਅਤੇ ਉਸ ਤੋਂ ਇਲਾਵਾ, ਫਲਿਸਤੀਨ ਦੀ ਧਰਤੀ ਵਿੱਚ ਅਬੀਮਲਕ ਨਾਂ ਦਾ ਇੱਕ ਜਵਾਨ ਰਾਜਾ ਸੀ ਅਤੇ ਉਹ ਇੱਕ ਪਤਨੀ ਦੀ ਭਾਲ ਵਿੱਚ ਸੀ। ਅਤੇ ਉਸ ਕੋਲ ਫਲਿਸਤੀਨ ਦੀਆਂ ਖ਼ੂਬਸੂਰਤ ਲੜਕੀਆਂ ਸਨ ਪਰ ਜਦ ਉਸਨੇ ਦਾਦੀ ਮਾਂ (ਸਾਰਾਹ) ਨੂੰ ਵੇਖਿਆ ਤਾਂ ਉਸਨੇ ਕਿਹਾ, "ਵੇਖਣ ਨੂੰ ਉਹ ਬਹੁਤ ਸੁੰਦਰ ਲਗਦੀ ਹੈ," ਅਤੇ ਉਹ ਉਸ ਨਾਲ ਪ੍ਰੇਮ ਕਰਨ ਲਗਾ ਅਤੇ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ। ਇਹ ਠੀਕ ਹੈ। ਔਹ। ਵੇਖਿਆ, ਉਹ ਸੁੰਦਰ ਸੀ। ਵੇਖਿਆ?

39 ਉਹ ਇੱਕ ਜਵਾਨ ਔਰਤ ਬਣ ਚੁਕੀ ਸੀ। ਧਿਆਨ ਦਿਓ, ਉਸ ਬੱਚੇ ਨੂੰ ਜਨਮ ਦੇਣ ਲਈ ਉਸ ਨੂੰ ਜਵਾਨ ਹੋਣਾ ਹੀ ਪੈਣਾ ਸੀ। ਪਰਮੇਸ਼ੁਰ ਨੇ ਉਸਨੂੰ ਇੱਕ ਨਵੀਂ ਸ੍ਰਿਸ਼ਟ ਬਣਾ ਦਿੱਤਾ। ਅਤੇ ਇੱਕ ਬੱਚੇ ਨੂੰ ਪਾਲਣ ਲਈ ਉਸਨੂੰ ਨਵੀਂ ਸ੍ਰਿਸ਼ਟ ਹੋਣਾ ਹੀ ਪੈਣਾ ਸੀ। ਅਤੇ ਯਾਦ ਕਰੋ, ਅਬਰਾਹਾਮ, "ਉਸਦੀ ਦੇਹ ਮੁਰਦਿਆਂ ਵਰਗੀ ਹੋ ਗਈ ਸੀ," ਅਤੇ ਸਾਰਾਹ ਮਰ ਗਈ ਜਦ ਅਬਰਾਹਾਮ... ਮੈਂ ਵਿਸ਼ਵਾਸ ਕਰਦਾ ਹਾਂ ਜਦ ਸਾਰਾਹ ਮਰੀ ਉਸ ਵੇਲੇ ਇਸਹਾਕ ਦੀ ਉਮਰ ਪੰਜਤਾਲੀ ਸਾਲ ਸੀ। ਅਤੇ ਉਸ ਤੋਂ ਬਾਅਦ ਅਬਰਾਹਾਮ ਨੇ ਇੱਕ ਹੋਰ ਔਰਤ ਨਾਲ ਵਿਆਹ ਕੀਤਾ ਅਤੇ ਉਸ ਦੇ ਧੀਆਂ ਤੋਂ ਇਲਾਵਾ ਸੱਤ ਪੁੱਤਰ ਹੋਏ। ਆਮੀਨ।

40 ਵੇਖੋ, ਲਾਈਨਾਂ ਦੇ ਵਿੱਚ ਪੜ੍ਹੋ। ਇਹ ਇੱਕ ਪ੍ਰਤੀਕ ਹੈ। ਇਹ ਦਰਸਾਉਂਦਾ ਹੈ ਕਿ ਉਹ ਅਬਰਾਹਾਮ ਦੇ ਸਾਰੇ ਬੱਚਿਆਂ ਨਾਲ ਕੀ ਕਰੇਗਾ। ਉਹ ਸਮਾਂ ਨੇੜ੍ਹੇ ਆ ਰਿਹਾ ਹੈ ਦੋਸਤੋ, ਇਸ ਲਈ ਸਾਡੇ ਝੁਕੇ ਹੋਏ ਮੋਢਿਆਂ ਅਤੇ ਹੋਰ ਸਭ ਕੁਝ ਨਾਲ ਕੋਈ ਫਰਕ ਨਹੀਂ ਪੈਂਦਾ। ਅਤੇ ਹੁਣ ਸਾਡੇ ਪੱਕੇ ਹੋਏ ਵਾਲ ਹਨ ਅਤੇ ਜੋ ਕੁਝ ਵੀ ਇਹ ਹੈ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅਸੀਂ ਪਿਛਾਂਹ ਨਹੀਂ ਵੇਖਦੇ ਹਾਂ। ਆਓ ਅਸੀਂ ਅਗਾਂਹ ਨੂੰ ਵੇਖੀਏ ਕਿ ਅਸੀਂ ਕੀ ਬਣਨ ਜਾ ਰਹੇ ਹਾਂ।

41 ਅਤੇ ਯਾਦ ਰਖੋ, ਜੋ ਨਿਸ਼ਾਨ ਅਸੀਂ ਵੇਖ ਰਹੇ ਹਾਂ, ਵਾਅਦਾ ਕੀਤੇ ਹੋਏ ਪੁੱਤਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਇਹ ਆਖਰੀ ਨਿਸ਼ਾਨ ਸੀ ਜੋ ਅਬਰਾਹਾਮ ਅਤੇ ਸਾਰਾਹ ਨੇ ਵੇਖਿਆ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਓਸੇ ਘੜ੍ਹੀ ਤੇ ਹਾਂ।

42 ਇਸ ਬਾਲਕ ਦੇ ਜਨਮ ਲੈਣ ਤੋਂ ਬਾਅਦ...ਕੀ ਤੁਸੀਂ ਇਸਹਾਕ ਦੀ ਕਲਪਣਾ ਕਰ ਸਕਦੇ ਹੋ, ਲਗਭਗ ਬਾਰ੍ਹਾਂ ਸਾਲ ਦਾ; ਘੁੰਗਰਾਲ਼ੇ ਵਾਲਾਂ ਅਤੇ ਭੂਰੀਆਂ ਅੱਖਾਂ ਵਾਲਾ ਛੋਟਾ ਜਿਹਾ ਪਿਆਰਾ ਮੁੰਡਾ? ਮੈਂ ਕਲਪਣਾ ਕਰ ਸਕਦਾ ਹਾਂ ਉਸਦੀ ਮਾਂ ਕਿੰਝ ਮਹਿਸੂਸ ਕਰਦੀ ਹੋਵੇਗੀ; ਜੋ ਇੱਕ ਸੁੰਦਰ ਜਵਾਨ ਔਰਤ ਸੀ ਅਤੇ ਇੰਝ ਹੀ ਉਸਦਾ ਪਿਤਾ ਮਹਿਸੂਸ ਕਰਦਾ ਹੋਵੇਗਾ।

ਅਤੇ ਇੱਕ ਦਿਨ ਪਰਮੇਸ਼ੁਰ ਨੇ ਕਿਹਾ, ਹੁਣ ਇਕ ਮਿਸਾਲ ਲਈ; ਅਸੀਂ ਉਸ ਤੋਂ ਬਹੁਤ ਦੂਰ ਹਾਂ, ਉਹ ਘੜੀ ਅਜੇ ਆਉਣੀ ਹੈ "ਮੈਂ ਤੈਨੂੰ ਇਸ ਬਾਲਕ ਦੁਆਰਾ ਕੌਮਾਂ ਦਾ ਪਿਤਾ ਬਣਾਇਆ ਹੈ ਪਰ ਮੈਂ ਚਾਹੁੰਦਾ ਹਾਂ ਕਿ ਤੂੰ ਇਸ ਬਾਲਕ ਨੂੰ ਉਸ ਪਹਾੜ੍ਹੀ ਦੀ ਚੋਟੀ ਤੇ ਲੈ ਜਾ ਜੋ ਮੈਂ ਤੈਨੂੰ ਵਿਖਾਵਾਂਗਾ ਅਤੇ ਮੈਂ ਚਾਹੁੰਦਾ ਹਾਂ ਕਿ ਇਸ ਨੂੰ ਉਥੇ ਬਲੀ ਚੜ੍ਹਾ ਦੇਵੀਂ। ਕੀ ਤੁਸੀਂ ਇਸ ਦੀ ਕਲਪਣਾ ਕਰ ਸਕਦੇ ਹੋ?

43 ਹੁਣ ਤਹਾਨੂੰ ਕਦੇ ਵੀ ਇਸ ਤਰ੍ਹਾਂ ਦੀ ਪਰਖ ਵਿੱਚ ਜਾਣ ਲਈ ਨਹੀਂ ਕਿਹਾ ਗਿਆ। ਹੁਣ ਉਹ ਇਸ ਤਰ੍ਹਾਂ ਨਹੀਂ ਕਰਦਾ। ਉਹ ਇੱਕ ਉਦਾਹਰਣ ਸੀ, ਇੱਕ ਪਰਛਾਵਾਂ ਸੀ।

44 ਕੀ ਅਬਰਾਹਾਮ ਡਰ ਗਿਆ? ਨਹੀਂ ਸ਼੍ਰੀਮਾਨ। ਅਬਰਾਹਾਮ ਨੇ ਇਹ ਕਿਹਾ, "ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਉਸਨੂੰ ਮੋਇਆਂ ਵਿਚੋਂ ਜਿਵਾਲਣ ਦੀ ਸਮਰੱਥ ਰਖਦਾ ਹੈ ਕਿਓਂਕਿ ਉਹ ਮੈਨੂੰ ਤਦ ਮਿਲਿਆ ਜਦ ਉਸਦੇ ਮਿਲਣ ਦੀ ਕੋਈ ਆਸ ਨਹੀਂ ਸੀ। ਅਤੇ ਜੇਕਰ ਪਰਮੇਸ਼ੁਰ ਨੇ ਮੈਨੂੰ ਇਹ ਕਰਨ ਦਾ ਹੁਕਮ ਦਿੱਤਾ ਹੈ ਅਤੇ ਮੈਂ ਪਹਿਲੇ ਵੀ ਉਸ ਨਾਲ ਸੱਚਾ ਬਣਿਆ ਰਿਹਾ ਹਾਂ ਅਤੇ ਮੈਨੂੰ ਉਸਦਾ ਫਲ ਮਿਲਿਆ ਕਿ ਉਸਨੇ ਮੈਨੂੰ ਪੁੱਤਰ ਦਿੱਤਾ; ਉਹ ਪਰਮੇਸ਼ੁਰ ਜਿਸ ਕੋਲੋਂ ਮੈਨੂੰ ਪੁੱਤਰ ਮਿਲਿਆ ਹੈ ਉਹ ਉਸਨੂੰ ਮੁਰਦਿਆਂ ਵਿਚੋਂ ਜਿਵਾਲਣ ਦੀ ਸਮਰਥ ਰਖਦਾ ਹੈ।"

45 ਔਹ, ਮੇਰੇ, ਦੋਸਤ! ਜੇਕਰ ਪਰਮੇਸ਼ੁਰ ਤਹਾਨੂੰ ਪੈਟੀਂਕਾਸਟਲ ਲੋਕਾਂ ਨੂੰ ਪਵਿੱਤ੍ਰ ਆਤਮਾ ਦਿੰਦਾ ਹੈ ਅਤੇ ਤੁਸੀਂ ਪਰਾਈਆਂ ਭਾਸ਼ਾਵਾਂ ਵਿੱਚ ਬੋਲਦੇ ਹੋ, ਤਾਂ ਤਹਾਨੂੰ ਕਿੰਨਾ ਹੋਰ ਚਾਹੀਦਾ ਹੈ ਕਿ ਤੁਸੀਂ ਉਸਦੀ ਚੰਗਾਈ ਦੇਣ ਦੀ ਸਮਰਥ, ਭਲਿਆਈ ਅਤੇ ਦਯਾ ਤੇ ਵਿਸ਼ਵਾਸ ਕਰੋ! ਜੇਕਰ ਉਸਨੇ ਇਸ ਦੇਸ਼ ਦੇ ਸਾਰੇ ਵਿਦਵਾਨਾਂ ਦੀ ਸੂਝ ਦੇ ਉਲਟ ਇਹ ਕੀਤਾ! ਉਹ ਕਹਿੰਦੇ ਸਨ ਕਿ ਪਰਮੇਸ਼ੁਰ ਇੰਝ ਨਹੀਂ ਕਰ ਸਕਦਾ ਪਰ ਪਰਮੇਸ਼ੁਰ ਨੇ ਇਹ ਕੀਤਾ ਕਿਓਂਕਿ ਉਸਨੇ ਇਹ ਕਰਨ ਦਾ ਵਾਅਦਾ ਕੀਤਾ ਸੀ। ਤਾਂ ਫਿਰ ਆਪਣਾ ਵਚਨ ਜੋ ਤੁਹਾਡੀ ਤਲਵਾਰ, ਤੁਹਾਡੀ ਬੰਦੂਕ ਹੈ ਨਾਲ ਖੜ੍ਹੇ ਹੋ ਜਾਓ, ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰੋ। ਪਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ ਅਤੇ ਇਹੀ ਸਾਰਾ ਮਾਮਲਾ ਖ਼ਤਮ ਕਰਦਾ ਹੈ!

46 ਧਿਆਨ ਦਿਓ, ਉਹਨਾਂ ਉਥੇ ਪਹੁੰਚਣ ਲਈ ਖੱਚਰਾਂ ਨਾਲ ਤਿੰਨ ਦਿਨ ਦਾ ਸਫ਼ਰ ਕੀਤਾ। ਹੁਣ ਮੈਂ ਚੱਲ ਸਕਦਾ ਹਾਂ, ਜਦੋਂ ਮੈਂ ਗਸ਼ਤ ਕਰ ਰਿਹਾ ਸੀ, ਮੈਂ ਉਜਾੜ ਦੇ ਵਿਚੋਂ ਦੀ ਹਰ ਰੋਜ ਤੀਹ ਮੀਲ ਤੁਰਦਾ ਸੀ; ਅਤੇ ਹੁਣ ਸਾਡੇ ਕੋਲ ਪੈਟਰੋਲ ਨਾਲ ਚਲਣ ਵਾਲੀਆਂ ਗਡੀਆਂ ਹਨ। ਪਰ ਉਹਨਾਂ ਮਨੁਖਾਂ ਕੋਲ ਸਫ਼ਰ ਕਰਨ ਦਾ ਇੱਕ ਹੀ ਤਰੀਕਾ ਸੀ ਕਿ ਜਾਂ ਤੇ ਓਹ ਖੋਤੇ ਦੀ ਸਵਾਰੀ ਕਰਨ ਨਹੀਂ ਤਾਂ ਪੈਦਲ ਜਾਣਾ ਪੈਂਦਾ ਸੀ। ਅਤੇ ਅਬਰਾਹਾਮ ਜਦ ਤਿੰਨ ਦਿਨ ਦਾ ਸਫ਼ਰ ਕਰ ਚੁਕਿਆ ਤਾਂ ਉਸਨੇ ਉਜਾੜ੍ਹ ਵਿੱਚ ਆਪਣੀਆਂ ਅੱਖਾਂ ਉਤਾਂਹ ਚੁਕੀਆਂ ਅਤੇ ਦੂਰੋਂ ਪਹਾੜੀ ਨੂੰ ਵੇਖਿਆ।

47 ਉਸਨੇ ਇਸਹਾਕ ਦੇ ਹੱਥ ਬੰਨ੍ਹ ਦਿੱਤੇ। ਜਿਵੇਂ ਅਸੀਂ ਸਾਰੇ ਜਾਣਦੇ ਹਾਂ ਕਿ ਇਹ ਉਤਪਤ 22 ਅਧਿਆਏ ਵਿੱਚ ਹੈ ਅਤੇ ਇਹ ਇੱਕ ਮਸੀਹ ਦਾ ਪ੍ਰਤੀਕ ਹੈ। ਉਸਨੂੰ ਬਨ੍ਹਿਆ ਗਿਆ ਅਤੇ ਉਸਦੀ ਅਗਵਾਈ ਪਹਾੜ੍ਹੀ ਦੇ ਉੱਪਰ ਤੱਕ ਕੀਤੀ ਗਈ ਜਿਵੇਂ ਯਿਸੂ ਨੂੰ ਵੀ ਕਲਵਰੀ ਪਹਾੜ੍ਹ ਦੇ ਉੱਪਰ ਲੈ ਜਾਇਆ ਗਿਆ ਸੀ; ਇਹ ਬੇਸ਼ਕ, ਪਰਮੇਸ਼ੁਰ ਦੁਆਰਾ ਆਪਣੇ ਪੁੱਤਰ ਨੂੰ ਬਲੀਦਾਨ ਕੀਤੇ ਜਾਣ ਦਾ ਪ੍ਰਤੀਕ ਸੀ।

48 ਇਸਹਾਕ ਆਪਣੇ ਪਿਤਾ ਦਾ ਆਗਿਆਕਾਰ ਸੀ ਪਰ ਜਦੋਂ ਉਹ ਉੱਪਰ ਪਹੁੰਚੇ ਤਾਂ ਉਸਨੂੰ ਸ਼ੱਕ ਹੋਣਾ ਸ਼ੁਰੂ ਹੋ ਗਿਆ। ਉਸਨੇ ਕਿਹਾ, "ਪਿਤਾ, ਸਾਡੇ ਕੋਲ ਲਕੜੀ ਹੈ, ਜਗਵੇਦੀ ਵੀ ਹੈ ਅਤੇ ਅੱਗ ਵੀ ਹੈ ਪਰ ਬਲੀ ਦੇਣ ਲਈ ਲੇਲਾ ਕਿਥੇ ਹੈ?"

49 ਅਤੇ ਅਬਰਾਹਾਮ ਇਹ ਆਪਣੇ ਮਨ ਵਿੱਚ ਜਾਣਦਾ ਸੀ ਪਰ ਫਿਰ ਵੀ ਪਰਮੇਸ਼ੁਰ ਦੇ ਵਚਨ ਦੇ ਲਈ ਖੜ੍ਹਾ ਰਿਹਾ ਅਤੇ ਕਿਹਾ, "ਮੇਰੇ ਪੁੱਤਰ, ਪਰਮੇਸ਼ੁਰ ਆਪ ਹੀ ਆਪਣੇ ਲਈ ਬਲੀ ਮੁਹੱਈਆ ਕਰਨ ਦੇ ਯੋਗ ਹੈ।" ਉਸਨੇ ਉਸ ਜਗ੍ਹਾ ਦਾ ਨਾਮ "ਯਹੋਵਾਹ-ਯਿਰਹ" ਰਖਿਆ।

50 ਅਤੇ ਜਦੋਂ ਉਸਨੇ ਆਪਣੇ ਪੁੱਤਰ ਨੂੰ ਬੰਨ੍ਹ ਲਿਆ, ਉਸਦਾ ਪੁੱਤਰ ਮੌਤ ਤੱਕ ਆਗਿਆਕਾਰ ਸੀ; ਅਤੇ ਉਸਨੂੰ ਜਗਵੇਦੀ ਤੇ ਲਿਟਾਇਆ ਅਤੇ ਉਸਨੂੰ ਬਲੀ ਕਰਨ ਲਈ ਆਪਣੀ ਛੁਰੀ ਮਿਆਨ ਵਿਚੋਂ ਕਢ ਲਈ। ਅਤੇ ਜੱਦ ਉਹ ਇਹ ਕਰਨ ਲਗਾ ਕਿਸੇ ਚੀਜ ਨੇ ਉਸਦਾ ਹੱਥ ਫੜ੍ਹ ਲਿਆ ਅਤੇ ਕਿਹਾ, "ਅਬਰਾਹਾਮ, ਆਪਣਾ ਹੱਥ ਰੋਕ ਲੈ।"

51 ਉਸੇ ਵੇਲੇ ਉਸਦੇ ਪਿਛੇ ਇੱਕ ਛੱਤਰਾ ਮਿਮਆਣ ਲਗਾ ਕਿਉਂਕਿ ਉਸਦੇ ਸਿੰਙ ਝਾੜੀਆਂ ਵਿੱਚ ਫਸੇ ਹੋਏ ਸਨ।

52 ਕੀ ਤੁਸੀਂ ਕਦੇ ਸੋਚਿਆ ਕਿ ਉਹ ਛੱਤਰਾ ਕਿਥੋਂ ਆਇਆ? ਉਹ ਦੇਸ਼ ਸ਼ੇਰਾਂ, ਬਘਿਆੜਾਂ ਅਤੇ ਗਿੱਦੜਾਂ ਅਤੇ ਹੋਰ ਭੇਡਾਂ ਨੂੰ ਭੱਖਣ ਵਾਲੇ ਜੰਤੂਆ ਨਾਲ ਭਰਿਆ ਹੋਇਆ ਸੀ। ਅਤੇ ਉਹ ਸ਼ਹਿਰ ਤੋਂ ਕਿੰਨਾ ਦੂਰ ਸੀ? ਅਤੇ ਫਿਰ ਉਸ ਪਹਾੜ੍ਹੀ ਉੱਤੇ ਕੋਈ ਪਾਣੀ ਵੀ ਨਹੀਂ ਸੀ। ਅਤੇ ਅਬਰਾਹਾਮ ਨੇ ਆਲੇ ਦੁਆਲੇ ਤੋਂ ਪੱਥਰ ਚੁੱਕ ਕੇ ਜਗਵੇਦੀ ਬਣਾਈ ਸੀ। ਉਹ ਛੱਤਰਾ ਕਿਥੋਂ ਆਇਆ ਸੀ? ਵੇਖਿਆ?

53 ਪਰ ਇਹ ਇੱਕ ਦਰਸ਼ਨ ਨਹੀਂ ਸੀ। ਉਸਨੇ ਛੱਤਰੇ ਨੂੰ ਮਾਰਿਆ; ਉਸ ਵਿੱਚ ਲਹੂ ਸੀ। ਉਸਨੇ ਕੀ ਕਿਹਾ ਸੀ? "ਪਰਮੇਸ਼ੁਰ ਆਪ ਹੀ ਆਪਣੇ ਲਈ ਬਲੀ ਮੁਹੱਈਆ ਕਰਨ ਦੇ ਯੋਗ ਹੈ।"

54 ਤੁਸੀਂ ਉਸ ਕੁਰਸੀ ਤੋਂ ਕਿਵੇਂ ਉਠ ਸਕਦੇ ਹੋ? *ਉਹ* ਬੱਚਾ ਜਿਸ ਨੂੰ ਦੌਰੇ ਪੈਂਦੇ ਹਨ ਕਿਵੇਂ ਠੀਕ ਹੋਣ ਜਾ ਰਿਹਾ ਹੈ ਜਾਂ *ਤੁਸੀਂ* ਆਪਣੀ ਕੁਰਸੀ ਤੋਂ, *ਤੁਸੀਂ* ਉਥੋਂ, *ਤੁਸੀਂ* ਆਪਣੇ ਦਿਲ ਦੀ ਬਿਮਾਰੀ ਤੋਂ ਕਿਵੇਂ ਬਾਹਰ ਆ ਸਕਦੇ ਹੋ? ਕੋਈ ਵੀ ਮਾਮਲਾ ਹੋਵੇ, "ਪਰਮੇਸ਼ੁਰ ਆਪ ਹੀ ਆਪਣੇ ਲਈ ਮੁਹੱਈਆ ਕਰਨ ਦੇ ਯੋਗ ਹੈ।"

55 ਅਬਰਾਹਾਮ ਨੇ ਇਸ ਦਾ ਵਿਸ਼ਵਾਸ਼ ਕੀਤਾ। ਪਰਮੇਸ਼ੁਰ ਆਪਣੇ ਵਾਅਦੇ ਪ੍ਰਤੀ ਵਫ਼ਾਦਾਰ ਰਿਹਾ। ਉਸਨੇ ਵਾਅਦਾ ਦਿੱਤਾ ਸੀ ਕਿ, "ਤੇਰੀ ਵੰਸ਼! ਕਿਉਂਕਿ ਤੈਂ ਹਲਾਤਾਂ ਦੀ ਪਰਵਾਹ ਕੀਤੇ ਬਿਨਾਂ ਮੇਰੇ ਵਚਨ ਤੇ ਵਿਸ਼ਵਾਸ ਕੀਤਾ ਇਸ ਲਈ ਤੇਰੀ ਵੰਸ਼ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰੇਗੀ।"

56 ਕਿਉਂ? ਵਿਚਾਰਾਂ ਦੇ ਰੂਪ ਵਿੱਚ ਅਬਰਾਹਾਮ ਦੇ ਵਿਰੁੱਧ ਜਿਹੜਾ ਵੀ ਵੈਰੀ ਆਇਆ, ਅਬਰਾ-... "ਸਾਰਾਹ ਬਹੁਤ ਜਿਆਦਾ ਬੁਢੀ ਹੈ। ਮੈਂ ਬਹੁਤ ਜਿਆਦਾ ਬੁਢਾ ਹਾਂ।" *ਇਹ* ਸਭ ਵਿਚਾਰ ਉਸਦੇ ਮਨ ਵਿੱਚ ਆਉਂਦੇ ਸਨ। ਪਰ ਉਹ ਉਸ ਵਾਅਦੇ ਪ੍ਰਤੀ ਸੱਚਾ ਬਣਿਆ ਰਿਹਾ।

57 ਹੁਣ ਜੇ ਕੋਈ ਆਦਮੀ ਇਹੋ ਜਿਹਾ ਵਿਸ਼ਵਾਸ ਰਖਦਾ ਹੋਵੇ ਤਾਂ ਉਹ ਹਲਾਤਾਂ ਦੀ ਪਰਵਾਹ ਕੀਤੇ ਬਿੰਨਾ ਪਰਮੇਸ਼ੁਰ ਦੇ ਵਚਨ ਨੂੰ ਲਵੇਗਾ। ਹੁਣ ਜੇਕਰ ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਤਾਂ ਤੁਸੀਂ ਅਬਰਾਹਾਮ ਦੀ ਵੰਸ਼ ਨਹੀਂ ਹੋ। ਅਬਰਾਹਾਮ ਕੋਲ ਜਿਸ ਤਰ੍ਹਾਂ ਦਾ ਵਿਸ਼ਵਾਸ ਸੀ ਉਸੇ ਤਰ੍ਹਾਂ ਉਸ ਦੀ ਵੰਸ਼ ਕੋਲ ਵੀ ਹੋਵੇਗਾ।

58 ਅਬਰਾਹਾਮ ਨੂੰ ਜੋ ਵਾਅਦਾ ਦਿੱਤਾ ਗਿਆ ਸੀ ਉਹ ਇਹ ਸੀ ਕਿ ਉਸਦੀ "ਵੰਸ਼", ਅਬਰਾਹਾਮ ਦੀ ਸਾਹੀ ਵੰਸ਼ ਬਾਰੇ ਮੈਂ ਤੁਹਾਨੂੰ ਥੋੜ੍ਹੀ ਦੇਰ ਪਹਿਲਾਂ ਹੀ ਦਸਿਆ ਹੈ। ਅਤੇ ਅਬਰਾਹਾਮ ਨੂੰ ਇਹ ਮੋਹਰ ਦਿਤੀ ਗਈ ਸੀ ਅਤੇ ਇਹ ਵਾਅਦੇ ਦੀ ਮੋਹਰ ਸੀ। ਅਤੇ ਅਫ਼ਸੀਆਂ 4:30 ਦੇ ਅਨੁਸਾਰ ਅਬਰਾਹਾਮ ਦਾ ਸਾਹੀ ਵੰਸ਼ "ਪਵਿੱਤਰ ਆਤਮਾ ਦੁਆਰਾ ਮੋਹਰ ਕੀਤਾ ਗਿਆ" ਹੈ, ਇਹ ਉਹਨਾਂ ਦੇ ਪਰਖ ਵਿੱਚ ਖਰੇ ਨਿਕਲਣ ਤੋਂ ਬਾਅਦ ਹੀ ਹੁੰਦਾ ਹੈ। ਇਸ ਬਾਰੇ ਸੋਚਣ ਦੀ ਕੋਸ਼ਿਸ਼ ਕਰੋ।

59 ਬਹੁਤ ਸਾਰੇ ਸੋਚਦੇ ਹਨ ਉਹਨਾਂ ਨੂੰ ਪਵਿੱਤਰ ਆਤਮਾ ਮਿਲ ਗਿਆ ਹੈ। ਬਹੁਤ ਸਾਰੇ ਪਵਿੱਤਰ ਆਤਮਾ ਪਾਏ ਹੋਣ ਦਾ ਦਾਵਾ ਕਰਦੇ ਹਨ। ਅਤੇ ਬਹੁਤ ਸਾਰੇ ਪਵਿੱਤਰ ਆਤਮਾ ਪਾਏ ਹੋਣ ਦੇ ਸਬੂਤ ਅਤੇ ਨਿਸ਼ਾਨ ਵਿਖਾ ਸਕਦੇ ਹਨ। ਪਰ, ਅਜੇ ਵੀ, ਜੇਕਰ ਉਹ ਵਚਨ ਦੇ ਨਾਲ ਨਹੀਂ ਬਣੇ ਰਹਿ ਸਕਦੇ ਤਾਂ ਇਹ ਪਵਿੱਤਰ ਆਤਮਾ ਨਹੀਂ ਹੈ। ਵੇਖਿਆ?

60 ਤੁਸੀਂ ਸਾਰੇ ਵਚਨ ਦਾ ਵਿਸ਼ਵਾਸ ਕਰਦੇ ਹੋ ਤਾਂ ਫਿਰ ਤੁਸੀਂ ਪਰਖ ਤੋਂ ਬਾਅਦ ਮੋਹਰ ਕੀਤੇ ਗਏ ਹੋ। ਜਦੋਂ ਅਸੀਂ ਵਚਨ ਵਿੱਚ ਹਰ ਇੱਕ ਵਾਅਦੇ ਦਾ ਵਿਸਵਾਸ਼ ਕਰਦੇ ਹਾਂ ਤਾਂ ਅਸੀਂ ਪਵਿੱਤਰ ਆਤਮਾ ਦੁਆਰਾ ਮੋਹਰ ਕੀਤੇ ਹੋਏ ਹਾਂ, ਇਹ ਵਾਅਦਾ ਪੂਰਾ ਕਰਨ ਲਈ ਹੁੰਦਾ ਹੈ। ਅਬਰਾਹਾਮ ਨੇ ਵੀ ਇਸੇ ਤਰ੍ਹਾਂ ਕੀਤਾ ਸੀ। ਸਿਰਫ ਤੱਦ ਹੀ ਸਾਡੇ ਕੋਲ ਆਪਣੇ ਵੈਰੀਆਂ ਦੇ ਫਾਟਕ ਉੱਤੇ ਕਬਜ਼ਾ ਕਰਨ ਦਾ ਅਧਿਕਾਰ ਹੈ। ਉਸਦਾ ਵੰਸ਼ ਹੋਣ ਤੋਂ ਪਹਿਲਾਂ ਤੁਸੀਂ ਇਹ ਨਹੀਂ ਕਰ ਸਕਦੇ। ਯਾਦ ਰਖੋ, ਬਾਈਬਲ ਵਿੱਚ...

61 ਮੈਂ ਟੋਕਨ ਵਿਸ਼ੇ ਵਿੱਚ ਇਸ ਉੱਤੇ ਪਰਚਾਰ ਕੀਤਾ ਸੀ, ਹੌਸਟਨ ਵਿੱਚ ਜਾਂ ਕਿਤੇ ਹੋਰ... ਜਾਂ ਮੇਰਾ ਮਤਲਬ ਹੈ ਡੱਲਾਸ ਵਿੱਚ।

62 ਵੇਖੋ, ਇਸਰਾਏਲ ਵਿੱਚ ਇੱਕ ਯਹੂਦੀ ਸੁੰਨਤ ਦੁਆਰਾ ਆਪਣੇ ਯਹੂਦੀ ਹੋਣ ਦਾ ਸਬੂਤ ਦੇ ਸਕਦਾ ਸੀ। ਪਰ ਪਰਮੇਸ਼ੁਰ ਨੇ ਕਿਹਾ ਸੀ, "ਜਦੋਂ ਮੈਂ ਲਹੂ ਨੂੰ ਵੇਖਾਂਗਾ! ਅਤੇ ਉਹ ਲਹੂ ਹੀ ਤੁਹਾਡੇ ਉੱਤੇ ਇੱਕ ਟੋਕਨ ਹੋਵੇਗਾ।"

63 ਜਿਹੜਾ ਜੀਵਨ ਲਹੂ ਵਿੱਚ ਸੀ ਉਹ ਅਰਾਧਨਾ ਕਰਨ ਵਾਲੇ ਤੇ ਨਹੀਂ ਆ ਸਕਦਾ ਸੀ ਕਿਓਂਕਿ ਇਹ ਜਾਨਵਰ ਦਾ ਲਹੂ ਸੀ, ਇਹ ਸਿਰਫ ਇੱਕ ਅਸਲ ਜੀਵਨ ਦਾ ਪਰਛਾਵਾਂ ਸੀ। ਅਤੇ ਫਿਰ ਉਸੇ ਲਹੂ ਦਾ ਰਸਾਇਣ ਦਰਵਾਜੇ ਅਤੇ ਉਸ ਦੀਆਂ ਸਰਦਲਾਂ ਤੇ ਲਗਾਇਆ ਜਾਣਾ ਸੀ।

64 ਲਹੂ ਜ਼ੂਫ਼ੇ ਦੀ ਗੁੱਛੀ ਨਾਲ ਲਗਾਇਆ ਗਿਆ ਸੀ ਜੋ ਇੱਕ ਆਮ ਬੂਟੀ ਹੈ, ਜੋ ਇਹ ਵਿਖਾਉਂਦਾ ਹੈ ਕਿ ਤੁਹਾਨੂੰ ਕਿਸੇ ਖ਼ਾਸ ਵਿਸ਼ਵਾਸ ਦੀ ਲੋੜ੍ਹ ਨਹੀਂ ਹੈ। ਤੁਹਾਨੂੰ ਉਸੇ ਤਰ੍ਹਾਂ ਦੇ ਵਿਸ਼ਵਾਸ ਦੀ ਲੋੜ੍ਹ ਹੈ ਜੋ ਤੁਹਾਨੂੰ ਆਪਣੀ ਕਾਰ ਚਾਲੂ ਕਰਨ ਲਈ ਜਾਂ ਚਰਚ ਆਉਣ ਲਈ ਚਾਹੀਦਾ ਹੈ। ਵੇਖਿਆ? ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹਨਾਂ ਕੋਲ ਕੁਝ ਅਜਿਹਾ ਹੋਣਾ ਚਾਹਿਦਾ ਹੈ ਜੋ...ਪਰ ਨਹੀਂ, ਨਹੀਂ, ਇਹ ਗਲਤ ਹੈ। ਇਹ ਸਿਰਫ ਸਾਧਾਰਣ ਵਿਸ਼ਵਾਸ ਹੈ ਜਿਸ ਨਾਲ ਤੁਸੀਂ ਲਹੂ ਨੂੰ ਲਗਾਉਣਾ ਹੈ। ਵਚਨ ਨੂੰ ਸੁਣੋ ਅਤੇ ਵਿਸ਼ਵਾਸ ਕਰੋ ਅਤੇ ਇਸਨੂੰ ਲਗਾ ਲਵੋ, ਇਹੀ ਸਭ ਹੈ। ਉਹਨਾਂ ਨੇ ਸਿਰਫ ਆਮ ਜਿਹੀ ਜ਼ੂਫ਼ੇ ਦੀ ਬੂਟੀ ਲਈ ਜਿਹੜੀ ਫਲੀਸ੍ਤੀਨ ਵਿੱਚ ਕਿਤੇ ਵੀ ਮਿਲ ਸਕਦੀ ਹੈ, ਇੱਕ ਛੋਟੀ ਜਿਹੀ ਬੂਟੀ ਜਿਹੜੀ ਕੰਧਾਂ ਦੀਆਂ ਦਰਾੜਾਂ ਅਤੇ ਆਲੇ ਦੁਆਲੇ ਉਗਦੀ ਹੈ, ਉਸਨੂੰ ਲਹੂ ਵਿੱਚ ਡਬਾਇਆ ਅਤੇ ਸੇਰੂ ਅਤੇ ਬੂਹੇ ਦੀਆਂ ਦੋਹਾਂ ਬਾਹੀਆਂ ਉੱਤੇ ਲਗਾ ਲਿਆ।

65 ਅਤੇ, ਯਾਦ ਕਰੋ, ਮੈਂ ਪਰਵਾਹ ਨਹੀਂ ਕਰਦਾ ਕਿ ਉਹ ਨੇਮ ਨੂੰ ਕਿੰਨਾ ਮੰਨਦੇ ਸਨ ਜਾਂ ਇੱਕ ਯਹੂਦੀ ਕਿੰਨਾ ਵੀ ਜਿਆਦਾ ਸੁੰਨਤੀ ਹੋਵੇ, ਉਹ ਕਿੰਨਾ ਵੀ ਨੇਕ ਵਿਅਕਤੀ ਕਿਓਂ ਨਾ ਹੋਵੇ, ਉਸ ਲਹੂ ਦੇ ਟੋਕਨ ਤੋਂ ਬਗੈਰ ਸਭ ਕੁਝ ਬੇਕਾਰ ਸੀ। ਸਿਰਫ "ਜਦ ਮੈਂ ਲਹੂ ਨੂੰ ਵੇਖਾਂਗਾ"।

66 ਹੁਣ ਅੱਜ ਦਾ ਲਹੂ ਜਾਂ ਟੋਕਨ, ਮਸੀਹ ਦੇ ਉਹ ਲਹੂ ਦਾ ਰਸਾਇਣ ਨਹੀਂ ਹੈ ਕਿਓਂਕਿ ਇਹ ਹਜਾਰਾਂ ਸਾਲ ਪਹਿਲਾਂ ਵਹਾਇਆ ਗਿਆ ਸੀ।

67 ਪਰ ਤੁਸੀਂ ਵੇਖੋ...ਉਥੇ ਲਹੂ ਰਸਾਇਣ ਦੇ ਰੂਪ ਵਿੱਚ ਹੋਣਾ ਹੀ ਸੀ, ਜਾਨਵਰਾਂ ਦਾ ਜੀਵਨ ਮਨੁਖਾਂ ਉੱਤੇ ਨਹੀਂ ਆ ਸਕਦਾ ਕਿਓਂਕਿ ਜਾਨਵਰਾਂ ਵਿੱਚ ਪ੍ਰਾਣ ਨਹੀਂ ਹੁੰਦਾ। ਜਾਨਵਰਾਂ ਨੂੰ ਸਹੀ ਅਤੇ ਗਲਤ ਦੀ ਪਛਾਣ ਨਹੀਂ ਹੈ। ਇਹ ਤਾਂ ਮਨੁੱਖ ਹੀ ਹਨ ਜਿਨ੍ਹਾ ਵਿੱਚ ਪ੍ਰਾਣ ਹੁੰਦਾ ਹੈ।

68 ਪਰ ਜਦੋਂ ਪਰਮੇਸ਼ੁਰ ਦੇ ਪੁੱਤਰ ਯਿਸੂ ਨੇ ਜੋ ਕੁਵਾਰੀ ਤੋਂ ਜੰਮਿਆਂ ਸੀ, ਆਪਣਾ ਲਹੂ ਵਹਾਇਆ, ਉਸ ਲਹੂ ਵਿੱਚ ਜੀਵਨ ਸੀ ਉਹ ਪਰਮੇਸ਼ੁਰ ਆਪ ਹੀ ਸੀ। ਬਾਈਬਲ ਕਹਿੰਦੀ ਹੈ, "ਅਸੀਂ ਪਰਮੇਸ਼ੁਰ ਦੇ ਲਹੂ ਦੁਆਰਾ ਬਚਾਏ ਗਏ ਹਾਂ।" ਕਿਸੇ ਯਹੂਦੀ ਦੇ ਲਹੂ ਜਾਂ ਗੈਰ ਯਹੂਦੀ ਦੇ ਲਹੂ ਨਾਲ ਨਹੀਂ; ਸਗੋਂ ਪਰਮੇਸ਼ੁਰ ਦੇ ਜੀਵਨ ਦੁਆਰਾ ਬਚਾਏ ਗਏ ਹਾਂ। ਪਰਮੇਸ਼ੁਰ ਨੇ ਉਸ ਦੇ ਲਹੂ ਨੂੰ ਰਚਿਆ ਜਿਸ ਨੇ ਕੁਵਾਰੀ ਤੋਂ ਜਨਮ ਲਿਆ। ਮਰੀਅਮ ਨੇ ਕਿਸੇ ਮਨੁੱਖ ਨੂੰ ਨਹੀਂ ਜਾਣਿਆ, ਅਤੇ ਨਾ ਹੀ ਉਸਨੇ...ਨਾ ਹੀ ਅੰਡਾ ਉਸ ਤੋਂ ਆਇਆ।

69 ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਹਨ ਕਿ ਅੰਡਾ ਉਸ ਤੋਂ ਆਇਆ। ਉਤੇਜਨਾ ਤੋਂ ਬਿਨਾਂ ਅੰਡਾ ਨਹੀਂ ਸੀ ਆ ਸਕਦਾ, ਤਾਂ ਫਿਰ ਪਰਮੇਸ਼ੁਰ ਨੇ ਕੀ ਕੀਤਾ? ਵੇਖਿਆ?

70 ਪਰਮੇਸ਼ੁਰ ਨੇ ਅੰਡੇ ਅਤੇ ਲਹੂ, ਦੋਹਾਂ ਦੀ ਰਚਨਾ ਕੀਤੀ ਅਤੇ ਉਹ ਪਰਮੇਸ਼ੁਰ ਦਾ ਡੇਰਾ ਬਣਿਆ, ਜੋ ਪਵਿੱਤਰ ਸੀ। "ਮੈਂ ਆਪਣੇ ਪਵਿੱਤਰ ਪੁਰਖ ਨੂੰ ਗੌਰ ਨਹੀਂ ਵੇਖਣ ਦਿਆਂਗਾ।" ਵੇਖਿਆ ਉਹ ਅੰਡਾ ਕਿਥੋਂ ਆਇਆ? "ਨਾ ਹੀ ਮੈਂ ਉਸਦੀ ਜਾਨ ਨੂੰ ਪਤਾਲ ਵਿੱਚ ਛਡਾਂਗਾ।" ਉਸਦੀ ਦੇਹ ਪਵਿੱਤਰ ਸੀ! ਔਹ ਮੇਰੇ! ਤੁਸੀਂ ਇਹ ਵਿਸ਼ਵਾਸ਼ ਨਹੀਂ ਕਰ ਸਕਦੇ ਤਾਂ ਫਿਰ ਤੁਸੀਂ ਆਪਣੇ ਆਪ ਨੂੰ ਇੱਕ ਮਸੀਹੀ ਕਿਵੇਂ ਕਹਿ ਸਕਦੇ ਹੋ?

71 "ਅਸੀਂ ਪਰਮੇਸ਼ੁਰ ਦੇ ਲਹੂ ਦੁਆਰਾ ਬਚਾਏ ਗਏ ਹਾਂ।" ਇਸ ਵਿੱਚ ਹੀ ਮੇਰਾ ਵਿਸ਼ਵਾਸ਼ ਹੈ। ਮੇਰਾ ਵਿਸ਼ਵਾਸ ਕਿਸੇ ਨਬੀ ਦੇ ਲਹੂ ਵਿੱਚ ਨਹੀਂ, ਕਿਸੇ ਸਾਧਾਰਣ ਵਿਅਕਤੀ ਦੇ ਲਹੂ ਵਿੱਚ ਨਹੀਂ ਜਾਂ ਕਿਸੇ ਸਿੱਖਿਅਕ ਜਾਂ ਧਰਮ ਗਿਆਨੀ ਦੇ ਲਹੂ ਵਿੱਚ ਨਹੀਂ ਹੈ। ਅਸੀਂ ਪਰਮੇਸ਼ੁਰ ਦੇ ਲਹੂ ਵਿੱਚ ਤੁਰਦੇ ਹਾਂ। ਪਰਮੇਸ਼ੁਰ ਨੇ ਇਹ ਕਿਹਾ ਸੀ। ਉਹ ਮਨੁੱਖ ਬਣਿਆ। ਉਸ ਨੇ ਆਪਣੇ ਆਪ ਨੂੰ ਢਾਲਿਆ। ਉਸਨੇ ਆਪਣਾ ਤੰਬੂ ਸਾਡੇ ਨਾਲ ਧਰਤੀ ਉੱਤੇ ਲਗਾਇਆ ਅਤੇ ਸਾਡੇ ਜਿਹਾ ਬਣ ਗਿਆ। ਉਹ ਸਾਡਾ ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ ਹੈ। ਉਸਨੂੰ ਸਾਡਾ ਰਿਸ਼ਤੇਦਾਰ ਬਣਨਾ ਪਿਆ, ਕਿਓਂਕਿ ਇਹ ਸ਼ੁਰਾ ਸੀ। ਪਰਮੇਸ਼ੁਰ ਮਨੁੱਖ ਬਣਿਆ ਅਤੇ ਸਾਡੇ ਵਿੱਚ ਵਾਸ ਕੀਤਾ।

72 ਧਿਆਨ ਦਿਓ ਇਹ ਕਿਵੇਂ ਹੋਇਆ, ਉਹ ਪਰਮੇਸ਼ੁਰ ਤੋਂ ਆਇਆ, ਉਹ ਪਰਮੇਸ਼ੁਰ ਸੀ, ਉਹ ਆਤਮਾ ਸੀ ਅਤੇ ਉਹ ਆਤਮਾ ਵਿਸ਼ਵਾਸੀ ਉੱਪਰ ਆਉਂਦਾ ਹੈ। ਇਸ ਲਈ, ਜੋ ਜੀਵਨ ਸਾਡੇ ਬਲੀਦਾਨ ਵਿੱਚ ਸੀ, ਅਸੀਂ ਉਸੇ ਜੀਵਨ ਦੁਆਰਾ ਹੀ ਪਛਾਣੇ ਜਾਂਦੇ ਹਾਂ।

73 ਫਿਰ ਉਹ ਕਿਵੇਂ ਪਰਮੇਸ਼ੁਰ ਦੇ ਜੀਵਨ ਨੂੰ ਜਦ ਲੋਕਾਂ ਵਿੱਚ ਵੇਖਦੇ ਹਨ ਤਾਂ ਇਸਨੂੰ ਭ੍ਰਿਸ਼ਟਤਾ ਕਹਿੰਦੇ ਹਨ ਜਦਕਿ ਇਹ ਸਾਡੇ ਬਲੀਦਾਨ ਦੀ ਪਛਾਣ ਹੈ? "ਉਹ ਜੋ ਮੇਰੇ ਤੇ ਵਿਸ਼ਵਾਸ਼ ਕਰਦਾ ਹੈ, ਜੋ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ।" ਜਦੋਂ ਅਸੀਂ ਆਪਣੇ ਹੱਥ

ਇਸ ਵਚਨ ਉੱਤੇ ਰਖਦੇ ਹਾਂ ਅਤੇ ਆਪਣਿਆਂ ਵਿਚਾਰਾਂ ਲਈ ਮਰ ਜਾਂਦੇ ਹਾਂ ਤਦ ਉਸ ਬਲੀਦਾਨ ਤੋਂ ਉਸਦਾ ਜੀਵਨ ਸਾਡੇ ਵਿੱਚ ਆ ਜਾਂਦਾ ਹੈ। ਤਾਂ ਫਿਰ ਕਿਵੇਂ ਅਸੀਂ ਨਾਮਧਾਰੀ ਗਿਰਜਿਆਂ ਨੂੰ ਸਾਨੂੰ ਅਕੀਦਿਆਂ ਵਿੱਚ ਧੱਕਣ ਦੇ ਸਕਦੇ ਹਾਂ ਅਤੇ ਫਿਰ ਕਹੀਏ ਕਿ ਅਸੀਂ ਇਹ ਵਿਸ਼ਵਾਸ਼ ਕਰਦੇ ਹਾਂ? ਅਸੀਂ ਉਹਨਾਂ ਚੀਜਾਂ ਲਈ ਮਰੇ ਹੋਏ ਹਾਂ।

74 ਪੌਲੂਸ ਨੇ ਕਿਹਾ, "ਇਹਨਾਂ ਵਿਚੋਂ ਕੋਈ ਵੀ ਚੀਜ ਮੈਨੂੰ ਪਰੇਸ਼ਾਨ ਨਹੀਂ ਕਰਦੀ" ਕਿਓਂਕਿ ਉਹ ਇੱਕ ਸੰਪੂਰਣ, ਜੋ ਮਸੀਹ ਹੈ ਨਾਲ ਬੱਧਾ ਹੋਇਆ ਸੀ। ਅਤੇ ਮੇਰੀ ਸੰਪੂਰਣਤਾ ਵਚਨ ਹੈ ਅਤੇ ਹਰ ਇੱਕ ਸਚੀ ਪ੍ਰਾਪਤੀ ਉਸ ਨਾਲ ਬੱਧੀ ਹੋਈ ਹੈ। ਅਤੇ ਹਰੇਕ ਜੋ ਸੱਚੀ-ਮੁੱਚੀ ਪਵਿੱਤਰ ਆਤਮਾ ਤੋਂ ਜੰਮਿਆਂ ਹੈ ਉਸਦੀ ਸੰਪੂਰਣਤਾ ਪਰਮੇਸੁਰ ਦਾ ਵਚਨ ਹੈ। ਮੈਂ ਇਸ ਨਾਲ ਬੱਧਾ ਹੋਇਆ ਹਾਂ। ਮੈਂ ਇਸ ਉੱਤੇ ਆਪਣੇ ਹੱਥ ਰਖੇ ਹਨ। ਅਤੇ ਇਸਨੇ ਮੇਰੀ ਜਗ੍ਹਾ ਲੈ ਲਈ ਹੈ ਅਤੇ ਮੈਂ ਇਸ ਨਾਲ ਆਪਣੀ ਪਛਾਣ ਰਖਦਾ ਹਾਂ। ਅਸੀਂ ਜਾਣਦੇ ਹਾਂ ਕਿ ਉਸਨੇ ਸਾਡੇ ਨਾਲ ਪਛਾਣ ਦੇਣ ਦਾ ਵਾਅਦਾ ਕੀਤਾ ਹੈ। ਇਹ ਅਸਲੀ ਵਿਸ਼ਵਾਸ਼ ਨੂੰ ਲੈ ਕੇ ਆਉਂਦਾ ਹੈ; ਤੁਹਾਡਾ ਆਪਣਾ ਵਿਸ਼ਵਾਸ਼ ਨਹੀਂ, ਪਰ ਉਸਦਾ ਵਿਸ਼ਵਾਸ; ਜਿਸ ਉਤੇ ਤੁਹਾਡਾ ਕੋਈ ਨਿਯੰਤਰਨ ਨਹੀਂ ਹੈ। ਉਹ ਇਹ ਕਰਦਾ ਹੈ। ਹੁਣ ਧਿਆਨ ਦਿਓ। ਫਿਰ ਅਤੇ ਫਿਰ ਤਦ ਹੀ, ਜਦੋਂ...ਤੁਹਾਡੇ ਨਾਲ ਵਾਅਦਾ ਕੀਤਾ ਜਾਂਦਾ ਹੈ।

75 ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੇ ਗਿਰਜਿਆਂ ਨਾਲ ਸੰਬੰਧ ਰਖਦੇ ਹੋ ਜਾਂ ਤੁਹਾਡਾ ਕਿੰਨੇ ਵਾਰੀ ਬਪਤਿਸਮਾ ਹੋਇਆ ਹੈ; ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡਾ ਬਪਤਿਸਮਾ ਅੱਗੇ ਨੂੰ ਮੂੰਹ ਕਰਕੇ ਜਾਂ ਪਿਛਾਂਹ ਨੂੰ ਮੂੰਹ ਕਰਕੇ ਜਾਂ ਕਿਸੇ ਵੀ ਤਰ੍ਹਾਂ ਕਿਓਂ ਨਾ ਹੋਇਆ ਹੋਵੇ। ਜਿੰਨਾ ਚਿਰ ਤੁਹਾਡੇ ਉੱਤੇ ਮੋਹਰ ਨਹੀਂ ਲਗਦੀ ਤਾਂ ਤੁਹਾਡੇ ਕੋਲ ਇਹ ਕਹਿਣ ਦਾ ਅਧਿਕਾਰ ਨਹੀਂ ਕਿ ਤੁਸੀਂ ਆਪਣੇ ਬਲੀਦਾਨ ਨਾਲ ਜੁੜ੍ਹੇ ਹੋਏ ਹੋ।

76 ਅਤੇ ਪਰਮੇਸ਼ੁਰ ਦੀ ਮੋਹਰ ਕੀ ਹੈ? ਅਫਸਿਆਂ 4:30 ਵਿੱਚ ਲਿਖਿਆ ਹੈ, "ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ ਉਦਾਸ ਨਾ ਕਰੋ।" ਤੁਸੀਂ ਇੱਕ ਬੇਦਾਰੀ ਤੋਂ ਅਗਲੀ ਬੇਦਾਰੀ ਤੱਕ ਮੋਹਰ ਨਹੀਂ ਕੀਤੇ ਗਏ ਪਰ ਤੁਸੀਂ ਅਨੰਤਾ ਦੇ ਲਈ ਆਪਣੇ ਨਿਸਤਾਰੇ ਦੇ ਦਿਨ ਤੱਕ ਮੋਹਰ ਕੀਤੇ ਹੋਏ ਹੋ।

77 ਅਤੇ ਇਹ ਯਾਦ ਰਖੋ ਕਿ ਜੇਕਰ ਤੁਸੀਂ ਪਰਮੇਸ਼ੁਰ ਦੇ ਵਿਚਾਰਾਂ ਵਿੱਚ ਨਹੀ ਸੀ ਤਾਂ ਤੁਸੀਂ ਪਰਮੇਸ਼ੁਰ ਦੇ ਨਾਲ ਕਦੇ ਵੀ ਨਹੀ ਹੋ ਸਕਦੇ। ਕਿੰਨੇ ਇਹ ਜਾਣਦੇ ਹਨ ਕਿ ਉਹ ਇਕ ਛੁਡਾਉਣ ਵਾਲਾ ਸੀ? [ਸਭਾ ਆਖਦੀ ਹੈ, "ਆਮੀਨ।"—ਸੰਪਾਦਕ।] ਤਾਂ ਫਿਰ ਕੋਈ ਵੀ ਚੀਜ ਜੋ ਛੁਡਾਈ ਜਾਂਦੀ ਹੈ ਉਸਨੂੰ ਮੁੜ੍ਹ ਆਪਣੀ ਪਹਿਲਾਂ ਵਾਲੀ ਹਾਲਤ ਵਿੱਚ ਆਉਣਾ ਹੈ ਜਿਥੋਂ ਉਹ ਡਿਗੀ ਸੀ। ਇਸ ਲਈ ਉਹ ਸਾਨੂੰ ਛੁਡਾਉਣ ਲਈ ਆਇਆ ਕਿਓਂਕਿ ਇਕ ਸਮਾਂ ਸੀ ਜਦ ਅਸੀਂ ਆਪਣੀ ਮੂਲ ਅਵਸਥਾ ਵਿੱਚ ਸੀ ਅਤੇ ਸਾਨੂੰ ਛੁਡਾਉਣ ਦੀ ਲੋੜ੍ਹ ਨਹੀਂ ਸੀ ਅਤੇ ਫਿਰ ਅਸੀਂ ਸਾਰੇ "ਪਾਪ ਵਿੱਚ ਜਮੇਂ, ਬਦੀ ਵਿੱਚ ਘੜੇ ਗਏ ਅਤੇ ਝੂਠ ਬੋਲਦੇ ਹੋਏ ਸੰਸਾਰ ਵਿੱਚ ਆਏ"। ਇਹ ਦਰਸਾਉਂਦਾ ਹੈ ਕਿ ਇਸ ਸੰਸਾਰ ਜਾਂ ਤਾਰਿਆਂ ਜਾਂ ਹਵਾ ਜਾ ਕੁਝ ਵੀ ਹੋਣ ਤੋਂ ਪਹਿਲਾਂ ਇੱਕ ਅਸਲ ਮਸੀਹ ਪਰਮੇਸ਼ੁਰ ਦੇ ਵਿਚਾਰਾਂ ਦਾ ਗੁਣ ਸੀ। ਉਹ ਅਨੰਤ ਹੈ ਅਤੇ ਉਹ ਸਾਨੂੰ ਛੁਡਾਉਣ ਲਈ ਆਇਆ। ਇਹ ਪਰਮੇਸ਼ੁਰ ਦਾ ਵਿਚਾਰ ਹੈ, ਜੋ ਵਚਨ ਦੇ ਰੂਪ ਵਿੱਚ ਬੋਲਿਆ ਗਿਆ ਅਤੇ ਪ੍ਰਕਟ ਕੀਤਾ ਗਿਆ ਅਤੇ...

78 ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ! ਇਹੀ ਕਾਰਨ ਹੈ ਕਿ ਸਾਨੂੰ ਛੁਡਾਉਣ ਲਈ ਪਰਮੇਸ਼ੁਰ ਨੂੰ ਸਾਡੇ ਜਿਹਾ ਬਣਨਾ ਪਿਆ । ਹੋਰ ਕੋਈ ਤਰੀਕਾ ਨਹੀਂ ਸੀ । ਕੋਈ ਸਵਰਗ ਦੂਤ ਇਹ ਨਹੀਂ ਕਰ ਸਕਦਾ ਸੀ, ਹੋਰ ਕੋਈ ਵੀ ਇਹ ਨਹੀਂ ਸੀ ਕਰ ਸਕਦਾ । ਉਸਨੂੰ ਧਰਤੀ ਤੇ ਆਉਣਾ ਹੀ ਪੈਣਾ ਸੀ ਤਾਂ ਕਿ ਜਿਵੇਂ ਅਸੀਂ ਪਰਖੇ ਜਾਂਦੇ ਹਾਂ ਉਸਨੂੰ ਵੀ ਪਰਖਿਆ ਜਾਵੇ ਅਤੇ ਉਹ ਸਾਨੂੰ ਛੁਡਾ ਸਕੇ ।

79 ਹੁਣ ਅਬਰਾਹਾਮ ਦੀ ਸੁਭਾਵਿਕ ਵੰਸ਼ ਵਲ ਧਿਆਨ ਦਿਓ । ਆਓ ਉਹਨਾਂ ਸੁਭਾਵਿਕ ਬੀਜਾਂ ਦਾ ਮੁਆਇਨਾ ਕਰੀਏ ਅਤੇ ਵੇਖੀਏ ਕਿ ਪਰਮੇਸ਼ੁਰ ਨੇ ਸੁਭਾਵਿਕ ਵੰਸ਼ ਜੋ ਇਸਹਾਕ ਸੀ ਨਾਲ ਆਪਣੇ ਵਾਅਦੇ ਪੂਰੇ ਕੀਤੇ । ਆਓ ਉਹਨਾਂ ਸੁਭਾਵਿਕ ਬੀਜਾਂ ਵਲ ਵੇਖੀਏ ਜਿਨਾਂ ਨੇ ਪਰਮੇਸ਼ੁਰ ਦੇ ਸਾਰੇ ਵਾਅਦਿਆਂ ਤੇ ਬਿਨਾਂ ਕਿਸੇ ਸਵਾਲ ਦੇ ਵਿਸ਼ਵਾਸ ਕੀਤਾ । ਹੁਣ ਯਾਦ ਕਰੋ , ਉਥੇ ਅਨਗਿਣਤ ਲੋਕ ਸਨ ਜਿਨਾਂ ਦੀ ਸੁੰਨਤ ਕੀਤੀ ਗਈ ਪਰ ਫਿਰ ਵੀ ਉਹ ਅਬਰਾਹਾਮ ਦੀ ਵੰਸ਼ ਨਹੀਂ ਸਨ । ਨਿਸਚਿਤ ਹੀ, "ਜਿਹੜਾ ਬਾਹਰੋਂ ਯਹੂਦੀ ਹੈ ਉਹ ਨਹੀਂ ਪਰ ਜਿਹੜਾ ਅੰਦਰੋ ਹੈ ਉਹ ਹੀ ਯਹੂਦੀ ਹੈ ।" ਉਹਨਾਂ ਵਿਚੋਂ ਬਹੁਤ ਸਾਰੇ ਫੇਲ੍ਹ ਹੋ ਗਏ, ਉਹ ਬਹੁਤ ਬੁਰੇ ਤਰੀਕੇ ਨਾਲ ਫੇਲ੍ਹ ਹੋ ਗਏ ।

80 ਵੇਖੋ, ਉਜਾੜ ਵਿੱਚ ਉਹਨਾਂ ਨੇ ਕਿਹਾ, "ਅਸੀਂ..." ਸੰਤ ਯੁਹੰਨਾ 6 ਅਧਿਆਏ ਵਿੱਚ ਪ੍ਸਾਹ ਦੇ ਦਿਨ ਉਹ ਸਾਰੇ ਅਨੰਦ ਕਰ ਰਹੇ ਸਨ ।

81 ਯਿਸੂ ਨੇ ਕਿਹਾ, "ਮੈਂ ਹੀ ਉਹ ਚਟਾਨ ਹਾਂ ਜੋ ਉਜਾੜ ਵਿੱਚ ਸੀ । ਮੈਂ ਹੀ ਉਹ ਰੋਟੀ ਹਾਂ ਜੋ ਪਰਮੇਸ਼ੁਰ ਨੇ ਸਵਰਗ ਤੋਂ ਭੇਜੀ ਹੈ, ਜੇਕਰ ਕੋਈ ਮਨੁੱਖ ਇਸ ਵਿਚੋਂ ਖਾਵੇ ਤਾਂ ਉਹ ਨਹੀਂ ਮਰੇਗਾ ।

82 ਉਹਨਾਂ ਕਿਹਾ, "ਸਾਡੇ ਪਿਓ ਦਾਦਿਆਂ ਨੇ ਚਾਲੀ ਵਰ੍ਹਿਆਂ ਤਕ ਉਜਾੜ ਵਿੱਚ ਮੰਨ ਖਾਧਾ ਸੀ ।"

ਯਿਸੂ ਨੇ ਕਿਹਾ, "ਅਤੇ ਉਹ ਸਾਰੇ ਮਰ ਗਏ" ।

83 *ਮਰ ਗਏ,* ਇਸ ਸਬਦ ਨੂੰ ਲਓ ਅਤੇ ਇਸ ਤੇ ਗੌਰ ਕਰੋ ਅਤੇ ਵੇਖੋ ਇਸਦਾ ਕੀ ਅਰਥ ਹੈ, ਇਸਦਾ ਅਰਥ ਹੈ, "ਹਮੇਸ਼ਾ ਲਈ ਅਲਗ ਕੀਤਾ ਜਾਣਾ" । ਫਿਰ ਵੀ ਉਹ ਅਬਰਾਹਾਮ ਦੀ ਵੰਸ਼ ਸਨ । *ਮੌਤ* ਦਾ ਅਰਥ ਹੈ "ਅਲਗ ਹੋਣਾ, ਨਾਸ਼, ਪੂਰੀ ਤਰ੍ਹਾਂ ਤਬਾਹ" । ਯਿਸੂ ਨੇ ਕਿਹਾ ਸੀ ਕਿ ਉਹਨਾਂ ਵਿਚੋਂ ਹਰੇਕ ਮਰਿਆ ਹੋਇਆ ਸੀ ਭਾਵੇਂ ਉਹ ਸੁਨੰਤ ਕੀਤੇ ਹੋਏ ਯਹੂਦੀ ਸਨ ।

84 ਵੇਖੋ, ਵਿਚਾਰੇ ਲੋਕ, ਕਿਓਂਕਿ ਅਸੀਂ ਸਿਰਫ ਮੈਥੋਡਿਸਟ, ਬੈਪਟਿਸਟ, ਪ੍ਰੇਸਬਾਇਟੇਰਿਅਨ ਹਾਂ ਜਾਂ ਫਿਰ ਗਲਤੀਆਂ ਦਾ ਥੋੜ੍ਹਾ ਜਿਹਾ ਇਕਰਾਰ ਕੀਤਾ ਹੈ ਅਤੇ ਇਸ ਤਰ੍ਹਾਂ ਦੀਆਂ ਗਲਾਂ; ਸੈਤਾਨ ਵੀ ਉਨਾਂ ਹੀ ਵਿਸ਼ਵਾਸ਼ ਕਰਦਾ ਹੈ ਜਿਨਾਂ ਅਸੀਂ ਕਰਦੇ ਹਾਂ ।

85 ਪਰ ਤੁਹਾਡੀ ਇਸ ਨਾਲ ਪਛਾਣ ਹੋਣੀ ਹੀ ਹੈ । ਪਰਮੇਸ਼ੁਰ ਪਵਿੱਤਰ ਆਤਮਾ ਦੀ ਮੋਹਰ ਲਗਾਏਗਾ ਅਤੇ ਇਸ ਨਾਲ ਹੀ ਉਹ ਸਾਖੀ ਦੇਵੇਗਾ । ਵਚਨ ਦਾ ਕੋਈ ਸਵਾਲ ਨਹੀਂ!

86 ਜੇਕਰ ਤੁਸੀਂ ਕਹਿੰਦੇ ਹੋ, "ਖੈਰ, ਹੁਣ ਇਹ ਕਿਸੇ ਹੋਰ ਸਮੇਂ ਲਈ ਸੀ," ਤਾਂ ਫਿਰ ਉਥੇ ਕੁਝ ਗਲਤ ਹੈ ।

87 ਕੀ ਹੋਵੇਗਾ ਜੇਕਰ ਤੁਸੀਂ ਇੱਕ ਮਨੁੱਖ ਨੂੰ ਕਹੋ ਕਿ ਰੋਸ਼ਨੀ ਚਮਕ ਰਹੀ ਹੈ ਅਤੇ ਉਹ ਭੱਜ ਕੇ ਤਹਿਖ਼ਾਨੇ ਵਿੱਚ ਚਲਾ ਜਾਵੇ ਅਤੇ ਕਹੇ, "ਮੈਂ ਨਹੀਂ ਮੰਨਦਾ । ਮੈਂ ਇਸ ਗਲ ਨੂੰ ਨਹੀਂ

ਮੰਨਦਾ । ਰੌਸਨੀ ਵਰਗੀ ਕੋਈ ਚੀਜ ਨਹੀਂ ਹੈ । ਮੈਂ ਇਸਦਾ ਵਿਸ਼ਵਾਸ ਨਹੀਂ ਕਰਦਾ"? ਉਸ ਮਨੁੱਖ ਨਾਲ ਕੁਝ ਗਲਤ ਹੋ ਸਕਦਾ ਹੈ । ਉਹ ਦਿਮਾਗੀ ਤੌਰ ਤੇ ਪ੍ਰੇਸ਼ਾਨ ਹੋ ਸਕਦਾ ਹੈ । ਜੇਕਰ ਉਹ ਨਿੱਘ ਦੇਣ ਵਾਲੀਆਂ ਕਿਰਨਾਂ ਜੋ ਜੀਵਨ ਦਾ ਸਰੋਤ ਹਨ ਨੂੰ ਨਹੀਂ ਲੈਂਦਾ ਤਾਂ ਉਸ ਮਨੁੱਖ ਦੇ ਦਿਮਾਗੀ ਹਾਲਾਤ ਠੀਕ ਨਹੀਂ ਹਨ ।

88 ਅਤੇ ਜਦੋਂ ਇੱਕ ਮਨੁੱਖ ਪਰਮੇਸ਼ੁਰ ਦੇ ਵਚਨ ਨੂੰ ਆਪਣੇ ਸਾਹਮਣੇ ਖੁਲਦਾ ਹੋਇਆ ਵੇਖਦਾ ਹੈ ਅਤੇ ਸਭ ਕੁਝ ਜਾਣਦਿਆਂ ਹੋਇਆਂ ਆਪਣੇ ਸੰਪ੍ਰਦਾਇਕ ਪਰਦਿਆਂ ਨੂੰ ਹੇਠਾਂ ਕਰ ਲੈਂਦਾ ਹੈ ਤਾਂ ਉਸ ਮਨੁੱਖ ਨਾਲ ਆਤਮਿਕ ਤੌਰ ਤੇ ਕੁਝ ਤਾਂ ਗਲਤ ਹੈ । ਉਸ ਨਾਲ ਕੁਝ ਤਾਂ ਗਲਤ ਹੈ । ਆਤਮਿਕ ਤੌਰ ਤੇ ਕੁਝ ਤਾਂ ਗਲਤ ਹੈ । ਉਹ ਬਸ ਇਸ ਨੂੰ ਸਵੀਕਾਰ ਕਰ ਹੀ ਨਹੀਂ ਸਕਦਾ । "ਉਹ ਅਨ੍ਹੇ ਹਨ ਅਤੇ ਇਸ ਨੂੰ ਨਹੀਂ ਜਾਣਦੇ," ਉਹ ਨਿਆਂ ਵਲ ਵਧਦੇ ਜਾ ਰਹੇ ਹਨ ਅਤੇ ਪਰਮੇਸ਼ੁਰ ਉਹਨਾਂ ਦਾ ਨਿਆਂ ਕਰੇਗਾ ।

89 ਧਿਆਨ ਦਿਓ ਜਦ ਉਹਨਾਂ ਇਹ ਕੀਤਾ ਅਤੇ ਇਹਨਾਂ ਬੀਜਾਂ ਨੇ ਉਸਤੇ ਵਿਸ਼ਵਾਸ ਕੀਤਾ ਤਾਂ ਵੇਖੋ ਕੀ ਵਾਪਰਿਆ । ਆਓ ਅਬਰਾਹਾਮ ਦੀ ਵੰਸ਼ ਵਿਚੋਂ ਕੁਝ ਤੇ ਮੁਆਇਨਾ ਕਰੀਏ ।

90 ਆਓ ਤਿੰਨ ਇਬਰਾਨੀ ਬਚਿਆਂ ਨੂੰ ਲੈਂਦੇ ਹਾਂ, 'ਕਿਓਂਕਿ ਓਹ ਸੱਚਾਈ ਨਾਲ ਖੜ੍ਹੇ ਰਹੇ ਅਤੇ ਮੂਰਤੀ-ਪੂਜਾ ਨੂੰ ਬਰਦਾਸਤ ਨਹੀਂ ਸੀ ਕਰ ਸਕਦੇ । ਉਹਨਾਂ ਨੇ ਉਸ ਮੂਰਤੀ ਅਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਜਿਸ ਨੂੰ ਰਾਜੇ ਨੇ ਬਣਾਇਆ ਸੀ । ਇਹ ਮੂਰਤੀ ਇੱਕ ਪਵਿੱਤਰ ਮਨੁੱਖ ਦਾਨੀਏਲ ਦੇ ਸੂਰਤ ਤੇ ਬਣਾਈ ਗਈ ਸੀ ।

91 ਇਹ ਦਰਸਾਉਂਦਾ ਹੈ ਕਿ ਪਰਾਈਆਂ ਕੌਮਾਂ ਨੂੰ ਪਵਿੱਤਰ ਮਨੁੱਖ ਦੀ ਮੂਰਤੀ ਪੂਜਾ ਦੁਆਰਾ ਗਲਤ ਪਾਸੇ ਲਿਆਂਦਾ ਗਿਆ ਸੀ । ਇਹ ਇਸੇ ਤਰ੍ਹਾਂ ਨਾਲ ਹੋਵੇਗਾ ਜਦੋਂ ਲੋਕਾਂ ਨੂੰ ਮਨੁਖਾਂ ਦੀਆਂ ਮੂਰਤੀਆਂ ਪੂਜਣ ਲਈ ਮਜਬੂਰ ਕੀਤਾ ਜਾਵੇਗਾ । ਇਹ ਪ੍ਰਕਾਸ਼ਨ ਦੁਆਰਾ ਹੈ, ਦਾਨੀਏਲ ਵਚਨ ਦਾ ਅਨੁਵਾਦ ਕਰ ਸਕਿਆ ਜੋ ਦੀਵਾਰ ਉੱਤੇ ਹਸਤਲੇਖ ਸੀ । ਇਸੇ ਤਰ੍ਹਾਂ ਹੀ ਪਰਾਈਆਂ ਕੌਮਾਂ ਵਿੱਚ ਮੂਰਤੀ ਪੂਜਾ ਅੰਦਰ ਆਉਂਦੀ ਹੈ ਅਤੇ ਬਾਹਰ ਜਾਂਦੀ ਹੈ ।

92 ਧਿਆਨ ਦਿਓ, ਉਹਨਾਂ ਨੇ ਇਹ ਕਰਨ ਤੋਂ ਇਨਕਾਰ ਕਰ ਦਿੱਤਾ । ਅਤੇ ਉਹਨਾਂ ਨੇ ਕੀ ਕੀਤਾ? ਉਹ ਅਬਰਾਹਾਮ ਦੀ ਅੰਸ ਸਨ ਅਤੇ ਵਚਨ ਲਈ ਖੜ੍ਹੇ ਰਹੇ ਅਤੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕੀਤਾ, ਉਹਨਾਂ ਅੱਗ ਦੇ ਫਾਟਕ ਉੱਤੇ ਕਬਜਾ ਕੀਤਾ । ਉਹਨਾਂ ਨੇ ਇਹ ਕੀਤਾ । ਪਰਮੇਸ਼ੁਰ ਦਾ ਵਚਨ ਸੱਚ ਹੈ ।

93 ਦਾਨੀਏਲ ਇੱਕ ਸਚੇ ਪਰਮੇਸ਼ੁਰ ਦੀ ਉਪਾਸਨਾ ਲਈ ਪਰਖਿਆ ਗਿਆ । ਉਹ ਉਸ ਲਈ ਪਰਖਿਆ ਗਿਆ । ਅਤੇ ਪਰਖ ਦੇ ਸਮੇਂ ਉਹ ਖੜ੍ਹਾ ਰਿਹਾ । ਅਤੇ ਪਰਮੇਸ਼ੁਰ ਨੇ ਕੀ ਕੀਤਾ, ਜਦੋਂ ਇਹ ਲਗ ਰਿਹਾ ਸੀ ਕਿ ਉਹ ਬਾਜੀ ਹਰ ਰਿਹਾ ਸੀ, ਜਿਵੇਂ ਅਸੀਂ ਕਹਿ ਸਕਦੇ ਹਾਂ? ਅਤੇ ਉਹ ਨਹੀ ਸੀ ਜਾਣਦੇ ਕਿ ਕੀ ਕਰਨਾ ਹੈ । ਉਹ ਉਸਨੂੰ ਸ਼ੇਰਾਂ ਦਾ ਭੋਜਨ ਬਣਾਉਣ ਵਾਲੇ ਸਨ । ਪਰ ਦਾਨੀਏਲ ਪਰਖ ਵਿੱਚ ਖਰਾ ਨਿਕਲਿਆ ਕਿ ਇੱਕੋ ਹੀ ਸੱਚਾ ਪਰਮੇਸ਼ੁਰ ਹੈ ਅਤੇ ਉਸਨੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰ ਲਿਆ । ਪਰਮੇਸ਼ੁਰ ਨੇ ਸ਼ੇਰਾਂ ਦੇ ਮੂੰਹ ਬੰਦ ਕਰ ਦਿੱਤੇ ਸਨ ।

94 ਮੂਸਾ ਪਰਖ ਦੇ ਸਮੇਂ ਝੂਠੇ ਅਤੇ ਨਕਲਚੀ ਯੰਨੇਸ ਅਤੇ ਯੰਬਰੇਸ ਦੇ ਸਾਹਮਣੇ ਵਾਅਦਾ ਕੀਤੇ ਹੋਏ ਵਚਨ ਨਾਲ ਖੜ੍ਹਾ ਰਿਹਾ । ਵੇਖੋ, ਪਰਮੇਸ਼ੁਰ ਨੇ ਮੂਸਾ ਨਾਲ ਅਲੌਕਿਕ ਢੰਗ ਨਾਲ ਮੁਲਾਕਾਤ ਕੀਤੀ ਸੀ ਅਤੇ ਉਸਨੂੰ ਚਿਨ੍ਹ ਦਿਖਾਉਣ ਲਈ ਕਿਹਾ ਸੀ ਅਤੇ ਕਿਹਾ ਸੀ ਹਰੇਕ

ਚਿਨ੍ਹ ਦੇ ਨਾਲ ਇੱਕ ਅਵਾਜ਼ ਹੋਵੇਗੀ। ਮੂਸਾ ਜਿੰਨਾ ਅਤੇ ਜੋ ਵੀ ਜਾਣਦਾ ਸੀ ਉਸ ਨਾਲ ਸੱਚਾ ਰਿਹਾ ਅਤੇ ਸਿਧਾ ਹੇਠਾਂ ਚਲਾ ਗਿਆ। ਉਸਨੇ ਆਪਣਾ ਢਾਂਗਾ ਹੇਠਾਂ ਸੁੱਟ ਦਿੱਤਾ ਅਤੇ ਇਹ ਸੱਪ ਬਣ ਗਿਆ। ਤੁਸੀਂ ਜਾਣਦੇ ਹੋ ਕੀ ਹੋਇਆ? ਉਥੇ ਨਕਲ ਕਰਨ ਵਾਲੇ ਵੀ ਆਏ ਅਤੇ ਇਹੀ ਕੀਤਾ।

95 ਹੁਣ ਮੂਸਾ ਨੇ ਆਪਣੇ ਹੱਥ ਖੜ੍ਹੇ ਕਰਕੇ ਇਹ ਨਹੀਂ ਕਿਹਾ, "ਠੀਕ ਹੈ, ਮੇਰਾ ਅਨੁਮਾਨ ਹੈ ਕਿ ਇਹ ਸਭ ਗਲਤ ਹੈ"। ਉਹ ਉਥੇ ਰੁਕਿਆ ਰਿਹਾ ਅਤੇ ਪਰਮੇਸ਼ੁਰ ਦਾ ਇੰਤਜਾਰ ਕੀਤਾ। ਉਹ ਸੱਚਾਈ ਲਈ ਖੜ੍ਹਾ ਰਿਹਾ। ਉਸ ਨੂੰ ਇਸ ਨਾਲ ਕੋਈ ਫਰਕ ਨਹੀਂ ਪਿਆ ਕਿ ਉਥੇ ਕਿੰਨੇ ਨਕਲ ਕਰਨ ਵਾਲੇ ਸਨ, ਉਹ ਸੱਚਾਈ ਲਈ ਖੜ੍ਹਾ ਰਿਹਾ। ਅਤੇ ਉਸ ਨੂੰ ਉਹਨਾਂ ਲੋਕਾਂ ਨੂੰ ਉਸ ਜਗ੍ਹਾ ਤੋਂ ਬਾਹਰ ਲਿਆਉਣ ਦਾ ਕੰਮ ਦਿੱਤਾ ਗਿਆ ਸੀ ਉਹ ਉਸ ਪ੍ਰਤੀ ਵਫ਼ਾਦਾਰ ਰਿਹਾ ਅਤੇ ਜਦੋਂ ਪਾਣੀ ਦਾ ਫਾਟਕ ਉਸਦੇ ਰਾਹ ਵਿੱਚ ਆਇਆ ਤਾਂ ਪਰਮੇਸ਼ੁਰ ਨੇ ਅੱਗ ਦੇ ਖੰਬੇ ਦੁਆਰਾ ਜਿਸ ਨਾਲ ਉਹ ਉਸਦੀ ਅਗੁਵਾਈ ਕਰ ਰਿਹਾ ਸੀ ਉਸ ਫਾਟਕ ਨੂੰ ਖੋਲ ਦਿੱਤਾ ਅਤੇ ਉਸ ਨੂੰ ਉਸ ਫਾਟਕ ਤੇ ਕਬਜਾ ਕਰਨ ਦਿੱਤਾ।

96 ਇੱਕ ਹੋਰ ਮਹਾਨ ਆਗੂ ਸੀ, ਯਹੋਸ਼ੁਆ। ਉਹਨਾਂ ਵਿਚੋਂ ਸਿਰਫ ਦੋ...ਵਾਅਦਾ ਕੀਤੀ ਹੋਈ ਧਰਤੀ ਵਿੱਚ ਗਏ ਸਨ, ਉਹ ਦੋਵੇਂ ਯਹੋਸ਼ੁਆ ਅਤੇ ਕਾਲੇਬ ਸਨ। ਜੱਦ ਉਹ ਉਸ ਜਗਾ ਤੇ ਆਏ ਜਿਸ ਦਾ ਨਾਮ ਕਾਦੇਸ ਸੀ ਜੋ ਉਸ ਸਮੇਂ ਸੰਸਾਰ ਦਾ ਕੇਂਦਰ ਸੀ, ਏਥੋਂ ਤੱਕ ਕਿ ਉਹ ਨਿਆਂ ਦਾ ਸਥਾਨ ਸੀ। ਅਤੇ, ਓਹ, ਉਹਨਾਂ ਨੇ ਬਾਰ੍ਹਾਂ ਜਸੂਸਾਂ ਨੂੰ ਉਹ ਉਸ ਜਗ੍ਹਾ ਨੂੰ ਵੇਖਣ ਭੇਜਿਆ ਅਤੇ ਬਾਰ੍ਹਾਂ ਦੇ ਬਾਰ੍ਹਾਂ ਹੀ ਵਾਪਸ ਆ ਗਏ।

97 ਉਹਨਾਂ ਵਿਚੋਂ ਦੱਸਾਂ ਨੇ ਕਿਹਾ, "ਔਹ, ਇਹ ਬਹੁਤ ਔਖਾ ਕੰਮ ਹੈ। ਅਸੀਂ ਤਾਂ ਬੱਸ ਇਸ ਨੂੰ ਕਰ ਹੀ ਨਹੀਂ ਸਕਦੇ। ਉਹਨਾਂ ਲੋਕਾਂ ਦੇ ਸਾਹਮਣੇ ਅਸੀਂ ਤਾਂ ਟਿੱਡੀਆਂ ਜਿਹੇ ਲਗਦੇ ਹਾਂ"।

98 ਪਰ ਯਹੋਸ਼ੁਆ ਨੇ ਕੀ ਕੀਤਾ? ਉਸ ਨੇ ਲੋਕਾਂ ਨੂੰ ਥਮਿਆਂ। ਉਸਨੇ ਕਿਹਾ, "ਇੱਕ ਮਿੰਟ ਇੰਤਜਾਰ ਕਰੋ। ਅਸੀਂ ਉਸ ਦੇਸ਼ ਨੂੰ ਲੈਣ ਲਈ ਯੋਗ ਤੋਂ ਵੀ ਵਧ ਕੇ ਹਾਂ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਕਿੰਨੇ ਛੋਟੇ ਹਾਂ ਜਾਂ ਗਿਣਤੀ ਵਿੱਚ ਕਿੰਨੇ ਘੱਟ ਹਾਂ"। ਉਹ ਕੀ ਕਰ ਰਿਹਾ ਸੀ? ਉਹ ਉਸ ਵਾਅਦੇ ਲਈ ਖੜ੍ਹਾ ਹੋ ਰਿਹਾ ਸੀ, "ਮੈਂ ਤੁਹਾਨੂੰ ਇਹ ਦੇਸ਼ ਦਿੰਦਾ ਹਾਂ" ਪਰ ਤੁਹਾਨੂੰ ਇਸਦੇ ਹਰੇਕ ਇੰਚ ਲਈ ਲੜ੍ਹਨਾ ਪਵੇਗਾ।

99 ਮਾਤਾ ਜੀ, ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਪਰਮੇਸ਼ੁਰ ਨੇ ਤੁਹਾਨੂੰ ਤੁਹਾਡੀ ਚੰਗਾਈ ਦੇ ਦਿਤੀ ਹੈ ਪਰ ਤੁਹਾਨੂੰ ਇਸਦੇ ਹਰੇਕ ਇੰਚ ਲਈ ਲੜ੍ਹਨਾ ਪਵੇਗਾ। "ਜਿਸ ਵੀ ਜਗ੍ਹਾ ਤੇ ਤੂੰ ਪੈਰ ਦੀ ਤਲੀ ਨੂੰ ਰਖੇਂਗਾ, ਉਸ ਜਗ੍ਹਾ ਤੇ ਮੈਂ ਤੈਨੂੰ ਕਬਜਾ ਦੇ ਦੇਵਾਂਗਾ"। *ਪੈਰਾਂ ਦੇ ਨਿਸ਼ਾਨ* ਦਾ ਅਰਥ ਹੈ "ਕਬਜਾ"। ਇਹ ਸਭ ਕੁਝ ਤੁਹਾਡਾ ਹੈ, ਸਾਰੇ ਵਾਅਦੇ ਤੁਹਾਡੇ ਹਨ ਪਰ ਤੁਹਾਨੂੰ ਇਸਦੇ ਹਰੇਕ ਇੰਚ ਲਈ ਲੜ੍ਹਨਾ ਪਵੇਗਾ।

100 ਹੁਣ ਯਹੋਸ਼ੁਆ ਜਾਣਦਾ ਸੀ ਕਿ ਪਰਮੇਸ਼ੁਰ ਨੇ ਕੀ ਕਿਹਾ ਸੀ। ਉਹ ਅਬਰਾਹਾਮ ਦੀ ਵੰਸ਼ ਸੀ। ਵੇਖਿਆ? ਉਸਨੇ ਕਿਹਾ, "ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ੁਰ ਸਾਨੂੰ ਉਹ ਧਰਤੀ ਦੇ ਦੇਵੇਗਾ ਅਤੇ ਅਸੀਂ ਉਸ ਨੂੰ ਲੈਣ ਲਈ ਯੋਗ ਤੋਂ ਵੀ ਵਧ ਕੇ ਹਾਂ"। ਅਤੇ ਕਿਓਂਕਿ ਉਹ ਪਰਖ ਵਿੱਚ ਇਸਰਾਏਲੀਆਂ ਦੇ ਪੂਰੇ ਝੁੰਡ ਸਾਹਮਣੇ ਖੜ੍ਹਾ ਰਿਹਾ ਅਤੇ ਸਾਰੇ ਕਬੀਲੇ ਅਤੇ ਸਾਰੇ ਲੋਕ ਹੁੰਗ ਰਹੇ ਸਨ ਅਤੇ ਕੁਰਲਾ ਰਹੇ ਸਨ। ਯਹੋਸ਼ੁਆ ਨੇ ਕਿਹਾ, "ਸਾਂਤ ਰਹੋ! ਪਰਮੇਸ਼ੁਰ ਨੇ ਵਾਅਦਾ ਕੀਤਾ ਹੈ"।

101 ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਹੋ ਅਤੇ ਤੁਹਾਡੇ ਵਿਰੋਧ ਵਿੱਚ ਕੌਣ ਹੈ ਅਤੇ ਡਾਕਟਰ ਨੇ ਕੀ ਕਿਹਾ ਹੈ, ਪਰਮੇਸ਼ੁਰ ਨੇ ਵਾਅਦਾ ਦਿੱਤਾ ਹੈ। ਅਤੇ ਇਸ ਨੂੰ ਕਰਨਾ ਪਰਮੇਸ਼ੁਰ ਦਾ ਹੀ ਕੰਮ ਹੈ।

102 ਉਸਨੇ ਕੀ ਕੀਤਾ? ਜਦੋਂ ਉਹ ਹੇਠਾਂ ਯਰਦਨ ਨਦੀ ਤੇ ਆਇਆ, ਉਸਨੇ ਫਾਟਕ ਉੱਤੇ ਕਬਜਾ ਕੀਤਾ। ਇਹ ਹੀ ਉਸਨੇ—ਉਸਨੇ ਕੀਤਾ।

103 ਯਰੀਹੋ ਆਪਣੀਆਂ ਦੀਵਾਰਾਂ ਵਿੱਚ ਇਸ ਤਰ੍ਹਾਂ ਲੁਕਿਆ ਹੋਇਆ ਸੀ ਜਿਵੇਂ ਕੱਛੂਕੁੰਮਾ ਆਪਣੇ ਖੋਲ ਵਿੱਚ ਲੁਕਦਾ ਹੈ। ਉਸਨੇ ਕੀ ਕੀਤਾ? ਉਸਨੇ ਫਾਟਕ ਉੱਤੇ ਕਬਜਾ ਕਰ ਲਿਆ।

104 ਇੱਕ ਦਿਨ ਜਦੋਂ ਉਸਦੇ ਵੈਰੀ ਉਸ ਨਾਲ ਟੱਕਰ ਲੈਣ ਦੀ ਕੋਸ਼ਿਸ ਕਰ ਰਹੇ ਸਨ, ਉਸਨੇ ਵੈਰੀਆਂ ਦੇ ਫਾਟਕ ਉੱਤੇ ਕਬਜਾ ਕੀਤਾ ਏਥੋਂ ਤੱਕ ਕਿ ਉਸਨੇ ਸੂਰਜ ਨੂੰ ਠਹਿਰਣ ਦਾ ਹੁਕਮ ਦੇ ਦਿੱਤਾ। ਅਤੇ ਸੂਰਜ ਨੇ ਉਸ ਦੀ ਆਗਿਆਕਾਰੀ ਕੀਤੀ ਅਤੇ ਚੌਵੀ ਘੰਟੇ ਜਰਾ ਵੀ ਨਹੀਂ ਹਿਲਿਆ।

105 ਪਰਮੇਸ਼ੁਰ ਆਪਣੇ ਵਾਅਦਿਆਂ ਦਾ ਸੱਚਾ ਹੈ, ਭਾਵੇਂ ਉਸ ਨੂੰ ਕੁਝ ਵੀ ਕਰਨਾ ਪਵੇ; ਉਹ ਆਪਣੇ ਵਚਨ ਨੂੰ ਹਾਰਨ ਨਹੀਂ ਦੇਵੇਗਾ ਭਾਵੇਂ ਇਸ ਲਈ ਉਸਨੂੰ ਆਪਣਾ ਸਵਰਗ ਛੱਡਣਾ ਪਵੇ। ਉਸਨੇ ਅਜਿਹਾ ਕੋਈ ਵਾਅਦਾ ਨਹੀਂ ਕੀਤਾ ਜੋ ਉਹ ਪੂਰਾ ਨਹੀਂ ਕਰ ਸਕਦਾ। "ਮੈਂ ਉਹ ਪਰਮੇਸ਼ੁਰ ਹਾਂ ਜੋ ਤੁਹਾਨੂੰ ਰੋਗਾਂ ਤੋਂ ਚੰਗਾ ਕਰਦਾ ਹਾਂ। ਜੇਕਰ ਤੁਸੀਂ ਬਿਮਾਰਾਂ ਤੇ ਆਪਣੇ ਹੱਥ ਰਖੋਗੇ ਤਾਂ ਉਹ ਚੰਗੇ ਹੋ ਜਾਣਗੇ"। ਆਮੀਨ। "ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਤਾਂ ਸੱਭ ਕੁਝ ਸੰਭਵ ਹੈ"।

106 ਯਹੋਸ਼ੁਆ ਨੇ ਇਸ ਤੇ ਵਿਸ਼ਵਾਸ਼ ਕੀਤਾ, ਭਾਵੇਂ ਪਰਮੇਸੁਰ ਨੂੰ ਧਰਤੀ ਨੂੰ ਘੁੰਮਣ ਤੋਂ ਰੋਕਣਾ ਪਿਆ, ਉਸਨੇ ਧਰਤੀ ਨੂੰ ਆਪਣੀ ਸ਼ਕਤੀ ਨਾਲ ਰੋਕ ਲਿਆ; ਅਤੇ ਧਰਤੀ ਚੌਵੀ ਘੰਟਿਆਂ ਤੱਕ ਨਹੀਂ ਘੁੰਮੀ ਜੱਦ ਤੱਕ ਯਹੋਸ਼ੁਆ ਨੇ ਆਪਣੇ ਵੈਰੀਆਂ ਤੋਂ ਆਪਣਾ ਬਦਲਾ ਨਾ ਲਿਆ। ਉਸ ਨੇ ਫਾਟਕਾਂ ਨੂੰ ਲੈ ਲਿਆ। ਯਕੀਨਨ, ਉਸਨੇ ਇਹ ਕੀਤਾ। ਪਰਮੇਸ਼ੁਰ ਹਮੇਸ਼ਾ ਸੱਚਾ ਹੈ।

107 ਹੁਣ ਮੈਂ ਚਾਹੁੰਦਾ ਹਾਂ ਕਿ ਸਾਡੇ ਕੋਲ ਹੋਰ ਯੋਧਿਆਂ ਲਈ ਸਮਾਂ ਹੁੰਦਾ ਪਰ ਮੇਰੇ ਕੋਲ ਹੁਣ ਸਿਰਫ ਦੱਸ ਕੁ ਮਿੰਟ ਹਨ। ਵੇਖੋ, ਇਹ ਸਾਰੇ ਬਹੁਮੁੱਲੇ ਯੋਧੇ, ਜਿਵੇਂ ਉਹ ਸਨ ਅਤੇ ਵਿਸ਼ਵਾਸ ਦੇ ਮਹਾਨ ਯੋਧੇ, ਉਹ ਸਾਰੇ ਮੌਤ ਦੇ ਫਾਟਕ ਤੇ ਆ ਕੇ ਮਰ ਗਏ। ਉਹ ਸਾਰੇ ਮੌਤ ਦੇ ਫਾਟਕ ਤੇ ਆ ਕੇ ਨਾਸ਼ ਹੋ ਗਏ।

108 ਫਿਰ ਅਬਰਾਹਾਮ ਦਾ ਸਾਹੀ ਵੰਸ਼ ਆਇਆ। ਇਸਹਾਕ ਤੋਂ ਲੈ ਕੇ ਉਹ ਸਾਰੇ ਸੁਭਾਵਿਕ ਵੰਸ਼ ਸਨ। ਪਰ ਇਥੇ ਅਬਰਾਹਾਮ ਦਾ ਸ਼ਾਹੀ ਅੰਸ ਆਉਂਦਾ ਹੈ ਜੋ ਮਸੀਹ ਸੀ, ਅਬਰਾਹਾਮ ਦੇ ਵਿਸ਼ਵਾਸ ਦਾ ਬੀਜ; ਜੋ ਸਾਨੂੰ ਵੀ ਹੋਣਾ ਚਾਹੀਦਾ ਹੈ, ਵੇਖਦੇ ਹਾਂ ਕਿ ਅਸੀਂ ਉਹ ਹਾਂ ਜਾਂ ਨਹੀਂ। ਸੁਭਾਵਿਕ ਵੰਸ਼ ਸਿਰਫ ਇੱਕ ਨਮੂਨਾ ਸੀ, ਉਹਨਾਂ ਸਭਨਾਂ ਦਾ ਜਨਮ ਸੁਭਾਵਿਕ ਜਨਮ ਸੀ ਪਰ ਯਿਸੂ ਦਾ ਜਨਮ ਇੱਕ ਕੁਵਾਰੀ ਤੋਂ ਹੋਇਆ। ਵੇਖੋ, ਉਹ ਨਾ ਤਾਂ ਅਬਰਾਹਾਮ ਦੀ ਵੰਸ਼ ਵਿਚੋਂ ਨਹੀਂ ਸੀ ਅਤੇ ਨਾ ਹੀ ਯਹੂਦੀ ਸੀ। ਉਹ ਵਾਅਦਾ ਕੀਤੇ ਹੋਏ ਵਿਸ਼ਵਾਸ਼ ਦੇ ਬੀਜ ਦੁਆਰਾ ਆਇਆ। ਅਤੇ ਅਸੀਂ ਇਸ ਮਨੁੱਖ ਰਾਹੀਂ ਹੀ ਅਬਰਾਹਾਮ ਦੀ ਸੰਤਾਨ ਹੋ ਸਕਦੇ ਹਾਂ।

109 ਵੇਖੋ ਉਸਨੇ ਕੀ ਕੀਤਾ। ਜਦੋਂ ਉਹ ਸ਼ਾਹੀ ਵੰਸ਼ ਧਰਤੀ ਉੱਤੇ ਸੀ ਤਾਂ ਉਸਨੇ ਵੈਰੀ ਕੋਲ ਜੋ ਵੀ ਫਾਟਕ ਸੀ ਉਸ ਨੂੰ ਜਿੱਤ ਲਿਆ ਅਤੇ ਉਹਨਾਂ ਉੱਤੇ ਕਬਜਾ ਕਰ ਲਿਆ। ਉਸਨੇ ਵਚਨ

ਦੁਆਰਾ ਇਸ ਦਾ ਵਾਅਦਾ ਕੀਤਾ । ਉਸ ਨੇ ਸਾਡੇ ਲਈ ਬਿਮਾਰੀ ਦੇ ਫਾਟਕਾਂ ਨੂੰ ਜਿੱਤ ਲਿਆ । ਉਹ ਇਹੀ ਕਰਨ ਲਈ ਆਇਆ ਸੀ । ਬੀਮਾਰ ਲੋਕੋ, ਯਾਦ ਰਖਣਾ, ਉਸਨੇ ਬਿਮਾਰੀ ਦੇ ਫਾਟਕਾਂ ਨੂੰ ਜਿੱਤ ਲਿਆ ਹੈ । ਤੁਹਾਨੂੰ ਉਹ ਜਿੱਤਣ ਦੀ ਲੋੜ੍ਹ ਨਹੀਂ ਹੈ; ਉਸਨੇ ਉਸਨੂੰ ਜਿੱਤ ਲਿਆ ਹੈ । ਦੂਸਰੇ ਮਨੁਖਾਂ ਨੂੰ ਉਹਨਾਂ ਦੇ ਆਪਣੇ ਫਾਟਕਾਂ ਨੂੰ ਜਿੱਤਣਾ ਪਿਆ ਸੀ । ਪਰ ਤੁਹਾਨੂੰ ਜਿੱਤਨ ਦੀ ਲੋੜ੍ਹ ਨਹੀਂ ਹੈ; ਇਹ ਪਹਿਲਾਂ ਹੀ ਜਿੱਤਿਆ ਜਾ ਚੁਕਿਆ ਹੈ । ਉਸਨੇ ਬਿਮਾਰੀ ਦੇ ਫਾਟਕਾਂ ਨੂੰ ਜਿੱਤ ਲਿਆ ਹੈ । ਅਤੇ ਜਦੋਂ ਉਸਨੇ ਬਿਮਾਰੀ ਦੇ ਫਾਟਕਾਂ ਨੂੰ ਜਿੱਤ ਲਿਆ ਤਾਂ ਉਸਨੇ ਕੀ ਕੀਤਾ? ਉਸਨੇ ਕਿਹਾ ਕਿ ਉਹ...ਧਰਤੀ ਉੱਤੇ ਤੁਸੀਂ ਜੋ ਵੀ ਮੰਗੋ ਅਤੇ ਧਰਤੀ ਉੱਤੇ ਤੁਸੀਂ ਜੋ ਕੁਝ ਬੰਨ੍ਹੋਗੇ, ਉਹ ਉਸਨੂੰ ਸਵਰਗ ਵਿੱਚ ਵੀ ਬੰਨ ਦੇਵੇਗਾ, ਸਾਨੂੰ ਉਸ ਫਾਟਕ ਦੀਆਂ ਕੁੰਜੀਆਂ ਦੇ ਦਿਓ ।

110 ਉਸਨੇ ਪਰਤਾਵੇ ਦੇ ਫਾਟਕ ਨੂੰ ਵਚਨ ਦੁਆਰਾ ਜਿੱਤ ਲਿਆ । ਅਤੇ ਇਸਦੇ ਲਈ ਇਹ ਕੁੰਜੀ ਸੀ, “ਵੈਰੀ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ” । ਉਸਨੇ ਇਹ ਸਭ ਕੁਝ ਜਿੱਤ ਲਿਆ; ਉਸਨੇ ਹਰੇਕ ਬਿਮਾਰੀ ਨੂੰ ਜਿੱਤ ਲਿਆ ।

111 ਉਸਨੇ ਮੌਤ ਨੂੰ ਜਿੱਤ ਲਿਆ ਅਤੇ ਉਸਨੇ ਨਰਕ ਨੂੰ ਜਿੱਤ ਲਿਆ । ਉਸਨੇ ਮੌਤ ਅਤੇ ਨਰਕ ਨੂੰ ਜਿੱਤ ਲਿਆ । ਉਸਨੇ ਉਹ ਜਿੱਤ ਲਿਆ ਜੋ ਦੂਸਰੇ ਨਹੀਂ ਜਿੱਤ ਸਕੇ ਕਿਓਂਕਿ ਉਹ ਸੁਭਾਵਿਕ ਅੰਸ ਸਨ । ਇਹ ਆਤਮਿਕ ਵੰਸ਼ ਸੀ । ਉਸਨੇ ਕਬਰ ਦੇ ਫਾਟਕ ਨੂੰ ਜਿੱਤ ਲਿਆ ਅਤੇ ਸਾਨੂੰ ਧਰਮੀ ਠਹਿਰਾਓਣ ਲਈ ਤੀਸਰੇ ਦਿਨ ਫਿਰ ਜੀ ਉਠਿਆ ।

112 “ਅਤੇ ਹੁਣ ਅਸੀਂ ਜੈਵੰਤ ਤੋਂ ਵੀ ਵਧ ਕੇ ਹਾਂ” । ਅਸੀਂ ਇਸ ਵਿੱਚ ਸਿਧੇ ਪ੍ਰਵੇਸ਼ ਕਰਦੇ ਹਾਂ, ਇਹ ਸਾਨੂੰ ਵਿਰਾਸਤ ਵਿੱਚ ਮਿਲਿਆ ਹੈ, “ਜੈਵੰਤ ਤੋਂ ਵਧ ਕੇ” । ਹੁਣ ਅਸੀਂ ਹਾਰੇ ਹੋਏ ਵੈਰੀ ਨਾਲ ਲੜ੍ਹ ਰਹੇ ਹਾਂ । ਬਿਮਾਰੀ ਹਰਾ ਦਿਤੀ ਗਈ ਹੈ । ਮੌਤ ਹਰਾ ਦਿਤੀ ਗਈ ਹੈ । ਨਰਕ ਹਰਾ ਦਿੱਤਾ ਗਿਆ ਹੈ । ਸਭ ਕੁਝ ਹਰਾ ਦਿੱਤਾ ਗਿਆ ਹੈ । ਔਹ ਮੇਰੇ! ਮੈਂ ਚਾਹੁੰਦਾ ਹਾਂ ਕਿ ਮੈਂ ਆਪਣੇ ਤੋਂ ਦੂਣੇ ਆਕਾਰ ਦਾ ਹੁੰਦਾ, ਹੁਣ ਮੈਂ ਚੰਗੇ ਤੋਂ ਵੀ ਦੂਣਾ ਮਹਿਸੂਸ ਕਰ ਰਿਹਾ ਹਾਂ । ਅਸੀਂ ਇੱਕ ਹਾਰੇ ਹੋਏ ਦੁਸਮਣ ਨਾਲ ਲੜ੍ਹ ਰਹੇ ਹਾਂ ।

113 ਕੋਈ ਅਚਰਜ ਨਹੀ ਜਦੋਂ ਪੌਲੂਸ ਨੇ ਜਦੋਂ ਇਹ ਕਿਹਾ, ਜੱਦ ਉਹ ਉਸਦਾ ਸਿਰ ਲਾਹੁਣ ਲਈ ਇੱਕ ਪਥਰ ਤਿਆਰ ਕਰ ਰਹੇ ਸਨ, ਉਸਨੇ ਕਿਹਾ, “ਹੇ ਮੌਤ ਤੇਰਾ ਡੰਗ ਕਿਥੇ ਹੈ? ਦੱਸ ਕਿਥੇ ਤੂੰ ਮੈਨੂੰ ਘਬਰਾ ਕੇ ਮੇਰੀਆਂ ਚੀਕਾਂ ਕਢਾ ਸਕਦੀ ਹੈਂ । ਕਬਰ, ਤੇਰੀ ਫਤਹ ਕਿਥੇ ਹੈ । ਅਤੇ ਤੂੰ ਸੋਚਦੀ ਹੈਂ ਤੂੰ ਮੈਨੂੰ ਉਥੇ ਉੱਲੀ ਲਾਵੇਂਗੀ? ਮੈਂ ਤੇਰੀ ਵਲ ਖਾਲੀ ਕਬਰ ਕਹਿ ਕੇ ਇਸ਼ਾਰਾ ਕਰਾਂਗਾ; ਅਤੇ ਮੈਂ ਉਸ ਵਿੱਚ ਹਾਂ, ਉਹ ਅੰਤਮ ਦਿਨ ਵਿੱਚ ਮੈਨੂੰ ਉਠਾ ਖੜ੍ਹਾ ਕਰੇਗਾ” । ਇੱਕ ਹਾਰਿਆ ਹੋਇਆ ਵੈਰੀ!

114 ਅਬਰਾਹਾਮ ਦਾ ਸ਼ਾਹੀ ਅੰਸ! ਹੁਣ ਸੁਭਾਵਿਕ ਬੀਜ ਉਸ ਕਬਰ ਵਲ ਇਸ ਤਰ੍ਹਾਂ ਇਸ਼ਾਰਾ ਨਹੀਂ ਕਰ ਸਕਦਾ । ਪਰ ਸ਼ਾਹੀ ਵੰਸ਼ ਇਹ ਕਰ ਸਕਦਾ ਹੈ ਕਿਓਂਕਿ ਉਸਨੇ ਪਹਿਲਾਂ ਹੀ ਉਸਨੂੰ ਜਿੱਤ ਲਿਆ ਹੈ ਕਿਓਂਕਿ ਉਹ ਸਾਡੇ ਅੱਗੇ ਗਿਆ ਅਤੇ ਸਾਡੇ ਲਈ ਸਾਰੇ ਫਾਟਕਾਂ ਨੂੰ ਜਿੱਤ ਲਿਆ । ਅਤੇ ਹੁਣ ਦੌ ਹਜਾਰ ਸਾਲਾਂ ਬਾਅਦ ਉਹ ਮਹਾਨ ਵਿਜੇਤਾ ਸਾਡੇ ਵਿੱਚਕਾਰ ਖੜਾ ਹੈ । ਉਸਨੇ ਸਿਰਫ਼ ਬਿਮਾਰੀ ਨੂੰ ਹੀ ਨਹੀਂ ਜਿੱਤਿਆ ...ਉਸਨੇ ਬਿਮਾਰੀ ਨੂੰ ਜਿੱਤ ਲਿਆ । ਉਸਨੇ ਪਰਤਾਵੇ ਨੂੰ ਜਿੱਤ ਲਿਆ । ਉਸਨੇ ਹਰੇਕ ਵੈਰੀ ਨੂੰ ਜਿੱਤਿਆ । ਉਸਨੇ ਮੌਤ ਨੂੰ ਜਿੱਤ ਲਿਆ । ਉਸਨੇ ਨਰਕ ਨੂੰ ਜਿੱਤ ਲਿਆ । ਉਸਨੇ ਕਬਰ ਨੂੰ ਜਿੱਤ ਲਿਆ ਅਤੇ ਫਿਰ ਜੀ ਉਠਿਆ । ਅਤੇ ਦੌ ਹਜਾਰ ਸਾਲਾਂ ਬਾਅਦ ਉਹ ਸਾਡੇ ਵਿੱਚ ਖੜ੍ਹਾ ਹੋ ਕੇ ਉਹ ਸਕਤੀਸ਼ਾਲੀ

ਵਿਜੇਤਾ ਆਪਣੀ ਪਹਿਚਾਣ ਕਰਾ ਰਿਹਾ ਹੈ! ਅਮੀਨ । ਉਹ ਅਜੇ ਵੀ ਇਥੇ ਹੈ, ਉਹ ਜਿਉਂਦਾ ਹੈ, ਅਬਰਾਹਾਮ ਦਾ ਸ਼ਾਹੀ ਵੰਸ਼ ਆਪਣੇ ਵਾਅਦਿਆਂ ਨੂੰ ਪ੍ਰਮਾਣਿਤ ਕਰ ਰਿਹਾ ਹੈ! ਔਹ ਮੇਰੇ! ਅਤੇ ਵੈਰੀ…

115 ਉਹਨਾਂ ਬੀਜਾਂ ਲਈ "ਉਹ ਵੈਰੀ ਦੇ ਫਾਟਕਾਂ ਨੂੰ ਜਿੱਤ ਲਵੇਗਾ", ਅੱਜ ਉਹ ਇਥੇ ਕਿਸ ਲਈ ਆਪਣੇ ਆਪ ਨੂੰ ਪ੍ਰਮਾਣਿਤ ਕਰਨ ਲਈ ਖੜ੍ਹਾ ਹੈ? ਪਹਿਲਾਂ ਤੋਂ ਠਹਿਰਾਏ ਹੋਏ ਬੀਜਾਂ ਲਈ ਜੋ ਇਸਨੂੰ ਵੇਖ ਸਕਦੇ ਹਨ । ਉਸਨੇ ਇਹ ਜਿੱਤ ਲਿਆ ਹੈ । ਕੌਣ, ਉਸਦੀ ਪਰਖ ਤੋਂ ਬਾਅਦ ਉਹ ਪਵਿੱਤਰ ਆਤਮਾ ਤੋਂ ਮਸੀਹ ਦੀ ਦੇਹ ਵਿੱਚ ਮੋਹਰ ਕੀਤੇ ਹੋਏ ਹਨ, ਉਹਨਾਂ ਲਈ ਇਹ ਪੱਕਾ ਕੀਤਾ ਗਿਆ ਹੈ (ਕੀ?) ਇਬਰਾਨੀਆਂ 13:8 ਪੱਕੀ ਕੀਤੀ ਗਈ ਹੈ । ਉਹ ਪਵਿੱਤਰ ਆਤਮਾ ਦੁਆਰਾ ਮੋਹਰ ਕੀਤੇ ਗਏ ਹਨ, ਉਹੀ ਪਵਿੱਤਰ ਆਤਮਾ ਜੋ…ਅਬਰਾਹਾਮ ਨੇ ਇਹ ਪਹਿਲਾਂ ਹੀ ਵੇਖ ਲਿਆ ਸੀ; ਉਸਨੇ ਇਹ ਵਿਸ਼ਵਾਸ ਕੀਤਾ । ਆਓ ਹੁਣ ਅਸੀਂ ਉਸਦੇ ਵਾਅਦਿਆਂ ਵਲ ਵੇਖਦੇ ਹਾਂ ਅਤੇ ਇਸਨੂੰ ਸਵੀਕਾਰ ਕਰਦੇ ਹਾਂ । ਅਤੇ ਯੂਹੰਨਾ 14:12 ਇਹਨਾਂ ਅੰਤਮ ਦਿਨਾਂ ਵਿੱਚ ਜੀ ਉਠੇ ਹੋਏ ਵਿਜੇਤਾ ਨੇ ਆਪ ਹੀ ਪੱਕੀ ਕੀਤੀ ।

116 ਕੋਈ ਵਿਵਸਥਾ ਨਹੀਂ ਪਰ ਇੱਕ ਵਿਅਕਤੀ, ਮਸੀਹ, ਇੱਕ ਵਿਜੇਤਾ । ਮੇਰੀ ਕਲੀਸਿਯਾ ਦੁਆਰਾ ਨਹੀਂ, ਮੇਰੀ ਬੈਪਟਿਸਟ ਕਲੀਸਿਯਾ ਦੁਆਰਾ ਨਹੀਂ ਜਾਂ ਤੁਹਾਡੀ ਪ੍ਰੇਸਬਾਇਟੇਰਿਅਨ, ਮੈਥੋਡਿਸਟ ਜਾਂ ਪੈਟੀਂਕਾਸਟਲਾਂ ਦੁਆਰਾ ਨਹੀਂ ਪਰ ਮਸੀਹ ਦੁਆਰਾ । ਉਹ ਅੱਜ ਵੀ ਜਿਉਂਦਾ ਹੈ । ਉਹ ਸਾਨੂੰ ਧਰਮੀ ਠਹਿਰਾਉਣ ਲਈ ਜੀ ਉਠਿਆ ।

117 ਅਤੇ ਕਿਓਂਕਿ ਉਹ ਜਿਉਂਦਾ ਹੈ, ਉਸਨੇ ਕਿਹਾ ਸੀ ਕਿ ਅਸੀਂ ਵੀ ਜੀਵਾਂਗੇ । "ਮਨੁੱਖ ਕੇਵਲ ਰੋਟੀ ਨਾਲ ਹੀ ਜਿਉਂਦਾ ਨਹੀ ਰਹੇਗਾ ਪਰ ਪਰਮੇਸ਼ੁਰ ਦੇ ਵਚਨ ਦੁਆਰਾ," ਵਚਨ ਦੇ ਕੁਝ ਹਿੱਸੇ ਦੁਆਰਾ ਨਹੀਂ, ਪਰ "ਹਰੇਕ ਉਸ ਵਚਨ ਦੁਆਰਾ ਜੋ ਪਰਮੇਸ਼ੁਰ ਦੇ ਮੂੰਹ ਵਿਚੋਂ ਨਿਕਲਦਾ ਹੈ" । "ਕਿਆਮਤ ਅਤੇ ਜੀਵਨ ਮੈਂ ਹਾਂ । ਉਹ ਜੋ ਮੇਰੇ ਵਿੱਚ ਵਿਸ਼ਵਾਸ਼ ਕਰਦਾ ਹੈ, ਭਾਵੇਂ ਉਹ ਮਰ ਵੀ ਜਾਵੇ ਫਿਰ ਵੀ ਉਹ ਜੀਵੇਗਾ । ਜੋ ਕੋਈ ਵੀ ਮੇਰੇ ਵਿੱਚ ਰਹਿੰਦਾ ਅੱਤੇ ਵਿਸ਼ਵਾਸ ਕਰਦਾ ਹੈ ਉਹ ਕਦੇ ਨਹੀਂ ਮਰੇਗਾ । ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ?" ਹਰੇਕ ਵੈਰੀ ਦੇ ਫਾਟਕ ਨੂੰ ਲੈ ਲਵੋ!

118 ਉਹ ਭਾਈ ਬੋਸਵਰਥ ਨੂੰ ਕਿਵੇ ਜਿੱਤ ਸਕਦਾ ਸੀ, ਜਦੋਂ ਪਰਮੇਸ਼ੁਰ…ਬੋਸਵਰਥ ਵਿਜੇਤਾ ਵਿੱਚ ਸੀ । ਅਤੇ ਇਹੀ ਕਾਰਨ ਸੀ ਕਿ ਭਾਈ ਬੋਸਵਰਥ ਨੇ ਇਹ ਕਿਹਾ ਸੀ, "ਮੇਰੀ ਜਿੰਦਗੀ ਦੀ ਸਭ ਤੋਂ ਜਿਆਦਾ ਖੁਸੀ ਦੀ ਘੜ੍ਹੀ ਹੁਣ ਹੀ ਹੈ" । ਹੂ-ਹੂੰ । ਉਹ ਉਸ ਸ਼ਕਤੀਸ਼ਾਲੀ ਵਿਜੇਤਾ ਨੂੰ ਜਾਣਦਾ ਸੀ । ਉਸਦਾ ਭਰੋਸਾ ਉਸਦੇ ਉੱਤੇ ਸੀ । ਔਹ, ਮੇਰੇ! ਹੁਣ ਅਸੀਂ ਗਾ ਸਕਦੇ ਹਾਂ:

> ਜਿਉਂਦੇ ਹੋਏ ਉਸਨੇ ਮੈਨੂੰ ਪ੍ਰੇਮ ਕੀਤਾ; ਮਰਦੇ ਹੋਏ, ਉਸਨੇ ਮੈਨੂੰ ਬਚਾ ਲਿਆ;
> ਦਫ਼ਨਾਏ ਜਾਣ ਤੇ ਉਹ ਮੇਰੇ ਪਾਪ ਦੂਰ ਲੈ ਗਿਆ;
> ਜੀ ਉਠਦੇ ਹੋਏ, ਉਸਨੇ ਹਮੇਸ਼ਾ ਲਈ ਧਰਮੀ ਠਹਿਰਾਇਆ;
> ਕਿਸੇ ਦਿਨ ਉਹ ਆ ਰਿਹਾ ਹੈ, ਔ ਮਹਿਮਾਮਈ ਦਿਨ!

119 ਉਹਨਾਂ ਲਈ ਜੋ ਹਾਰੇ ਹੋਏ ਮਲੂਮ ਹੁੰਦੇ ਹਨ । ਏਡ੍ਡੀ ਪੇਰੋਨੇਟ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਹ ਆਪਣੇ ਮਸੀਹ ਗੀਤਾਂ ਨੂੰ ਵੇਚ ਨਹੀਂ ਸਕਿਆ ਸੀ । ਕੋਈ ਉਹਨਾਂ ਨੂੰ ਨਹੀ ਸੀ ਚਾਹੁੰਦਾ । ਉਹਨਾਂ ਦਾ ਉਹ ਗੀਤਾਂ ਨਾਲ ਕੋਈ ਸਰੋਕਾਰ ਨਹੀਂ ਸੀ । ਔਹ, ਹਾਰਿਆ ਹੋਇਆ ਅਤੇ ਇੱਕ

ਵਿਸ਼ਵਾਸੀ! ਇੱਕ ਦਿਨ, ਪਵਿੱਤਰ ਆਤਮਾ ਉਸ ਤੇ ਆਇਆ । ਵੈਰੀਆਂ ਦਾ ਫਾਟਕ ਉਸਦੇ ਸਾਹਿਤ ਨੂੰ ਸਵੀਕਾਰ ਨਹੀਂ ਸੀ ਕਰਦਾ! ਪਵਿੱਤਰ ਆਤਮਾ ਨੇ ਉਸ ਨੂੰ ਛੁਹਿਆ ਅਤੇ ਉਸਨੇ ਕਲਮ ਫੜ੍ਹ ਲਈ, ਪਰਮੇਸ਼ੁਰ ਨੇ ਉਸ ਨੂੰ ਉਦਘਾਟਨੀ ਗੀਤ ਲਿਖਣ ਲਈ ਦਿੱਤਾ ।

ਸਾਰੇ ਯਿਸੂ ਨਾਮ ਦੀ ਸਮਰਥ ਦੀ ਜੈ ਜੈ ਕਾਰ ਕਰੋ!
ਦੂਤ ਮੂੰਹ ਭਾਰ ਡਿਗ ਕੇ ਪ੍ਰਣਾਮ ਕਰਨ;
ਸ਼ਾਹੀ ਮੁਕਟ ਅੱਗੇ ਲੈ ਕੇ ਆਓ,
ਅਤੇ ਸਭਨਾਂ ਦੇ ਪ੍ਰਭੂ ਨੂੰ ਉਹ ਮੁਕਟ ਪਹਿਨਾਓ ।

120 ਇੱਕ ਵਾਰ ਫਾਨੀ ਕ੍ਰੋਸਬੀ ਨਾਂ ਦੀ ਇੱਕ ਅੰਨ੍ਹੀ ਲੜਕੀ ਸੀ । ਕਿਹਾ, “ਤੇਰੇ ਲਈ ਇਹ ਕੀ ਮਤਲਬ ਰਖਦਾ ਹੈ?” ਕਿਸੇ ਨੇ...ਉਸਨੇ ਆਪਣਾ ਜਨਮਸਿਧ ਅਧਿਕਾਰ ਪੈਟੀਂਕਾਸਟਲ ਏਲਵਿਸ ਪ੍ਰੇਸਲੀ ਵਾਂਗ ਵੇਚਿਆ ਨਹੀਂ ਸੀ ਜਾਂ ਜਿਵੇਂ ਚਰਚ-ਆਫ-ਕ੍ਰਾਇਸ੍ਟ ਬੂਨ ਜਾਂ ਰੇਡ ਫੋਲੀ ਨੇ ਕੀਤਾ ਹੈ, ਉਹ ਆਪਣੀ ਪ੍ਰਤਿਭਾ ਸੰਸਾਰ ਨੂੰ ਵੇਚ ਰਹੇ ਹਨ; ਉਹਨਾਂ ਕੋਲ ਸਮੁੰਦਰੀ ਜਹਾਜ ਹਨ ਅਤੇ ਲਖਾਂ ਡਾੱਲਰ ਕਮਾਉਣ ਵਾਲੇ ਗੀਤ ਹਨ । ਪਰ ਫਾਨੀ ਕ੍ਰੋਸਬੀ ਆਪਣੀ ਜਗ੍ਹਾ ਤੇ ਬਣੀ ਰਹੀ । ਉਹ ਚਿਲਾਈ:

ਮੇਰੇ ਕੋਲੋਂ ਲੰਘ ਨਾ ਜਾਵੀਂ, ਔ ਹਲੀਮ ਮੁਕਤੀਦਾਤੇ,
ਮੇਰੀ ਨਮਰ ਪੁਕਾਰ ਨੂੰ ਸੁਣਦਾ ਜਾ;
ਜੱਦ ਤੂੰ ਹੋਰਾਂ ਨੂੰ ਬੁਲਾ ਰਿਹਾ ਹੈਂ,
ਮੇਰੇ ਕੋਲੋਂ ਲੰਘ ਨਾ ਜਾ ।

ਤੂੰ ਹੀ ਮੇਰੇ ਸਾਰੇ ਚੈਨ ਦਾ ਦਰਿਆ ਹੈਂ,
ਮੇਰੇ ਲਈ ਜਿੰਦਗੀ ਤੋਂ ਵੀ ਵਧ ਕੇ ਹੈਂ,
ਤੇਰੇ ਬਿਨਾਂ ਇਸ ਧਰਤੀ ਤੇ ਮੇਰਾ ਹੋਰ ਕੌਣ ਹੈ?
ਜਾਂ ਸਵਰਗ ਵਿੱਚ ਤੇਰੇ ਬਿਨਾਂ ਮੇਰਾ ਹੋਰ ਕੌਣ ਹੈ?

121 ਉਹਨਾਂ ਨੇ ਕਿਹਾ, “ਕੀ ਹੋਵੇਗਾ ਜਦ ਤੂੰ ਸਵਰਗ ਵਿੱਚ ਜਾਵੇਂ ਅਤੇ ਅੰਨ੍ਹੀ ਹੋਵੇਂ?”

ਉਸਨੇ ਕਿਹਾ, “ਮੈਂ ਫਿਰ ਵੀ ਉਸ ਨੂੰ ਕਿਸੇ ਤਰ੍ਹਾਂ ਪਹਿਚਾਣ ਲਵਾਂਗੀ” ।

ਕਿਹਾ, “ਤੂੰ ਉਸਨੂੰ ਕਿਵੇਂ ਪਹਿਚਾਣੇਗੀ?”

ਉਸਨੇ ਕਿਹਾ, “ਮੈਂ ਉਸ ਨੂੰ ਪਹਿਚਾਣ ਲਵਾਂਗੀ”।

ਕਿਹਾ, “ਸ੍ਰੀਮਤੀ ਕ੍ਰੋਸਬੀ, ਤੂੰ ਲਖਾਂ ਡਾਲਰ ਕਮਾ ਸਕਦੀ ਹੈਂ” ।

ਉਸਨੇ ਕਿਹਾ, “ਮੈਂ ਲਖਾਂ ਡਾੱਲਰ ਨਹੀਂ ਚਾਹੁੰਦੀ” ।

122 “ਤੂੰ ਉਸ ਨੂੰ ਕਿਸ ਤਰ੍ਹਾਂ ਪਹਿਚਾਣੇਗੀ?” ਉਸਨੇ ਕਿਹਾ:

ਮੈਂ ਉਸਨੂੰ ਜਾਣਾਂਗੀ, ਮੈਂ ਉਸਨੂੰ ਜਾਣਾਂਗੀ,
ਅਤੇ ਛੁਟਕਾਰਾ ਪਾ ਕੇ ਉਸਦੇ ਨਾਲ ਮੈਂ ਖਲੋਵਾਂਗੀ;
ਮੈਂ ਉਸਨੂੰ ਜਾਣਾਂਗੀ, ਮੈਂ ਉਸਨੂੰ ਜਾਣਾਂਗੀ ।

123 “ਜੇਕਰ ਮੈਂ ਉਸਨੂੰ ਨਹੀਂ ਵੇਖ ਸਕਦੀ, ਮੈਂ ਉਸਦੇ ਹੱਥਾਂ ਤੇ ਕਿਲਾਂ ਦੇ ਨਿਸ਼ਾਨਾਂ ਨੂੰ ਮਹਿਸੂਸ ਕਰਾਂਗੀ” । ਉਸਨੇ ਵੈਰੀ ਦੇ ਫਾਟਕ ਨੂੰ ਜਿੱਤ ਲਿਆ । ਹਾਂ ।

124 ਜੇਕਰ ਤੁਸੀਂ ਮਸੀਹ ਵਿੱਚ ਹੋ! ਉਸਨੇ ਕਿਹਾ, “ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ; ਜਿਹੜੀ ਵੀ ਕੁੰਜੀ ਤੁਸੀਂ ਚਾਹੁੰਦੇ ਹੋ ਉਹ ਮੰਗੋ, ਜਿਹੜਾ ਵੀ ਫਾਟਕ ਤੁਸੀਂ ਲੈਣਾ ਚਾਹੁੰਦੇ ਹੋ ਮੰਗੋ; ਜੋ ਚਾਹੋ ਮੰਗੋ, ਅਤੇ ਇਹ ਤੁਹਾਨੂੰ ਦਿੱਤਾ ਜਾਵੇਗਾ । ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ ਤਾਂ ਫਿਰ ਵੈਰੀ ਦਾ ਜਿਹੜਾ ਵੀ ਫਾਟਕ ਤੁਹਾਡੇ ਅਗੇ ਆਉਂਦਾ ਹੈ ਤੁਸੀਂ ਉਸ ਤੇ ਕਬਜਾ ਕਰ ਸਕਦੇ ਹੋ” । ਤੁਸੀਂ ਅਬਰਾਹਾਮ ਦੀ ਸ਼ਾਹੀ ਵੰਸ਼ ਹੋ ।

125 ਤੁਹਾਡੇ ਅਗੇ ਕਿਹੜਾ ਫਾਟਕ ਹੈ? ਜੇਕਰ ਇਹ ਬਿਮਾਰੀ ਹੈ ਤਾਂ ਤੁਸੀਂ ਇਸ ਲਈ ਜੈਵੰਤ ਤੋਂ ਵੀ ਵਧ ਕੇ ਹੋ । ਫਿਰ ਅਸੀਂ ਕਹਿ ਸਕਦੇ ਹਾਂ, ਇਹ ਪੁਰਾਣਾ ਸੁੰਦਰ ਗੀਤ ਗਾਓ:

> ਪੁਸਤਕ ਵਿੱਚ ਹਰ ਇੱਕ ਵਾਅਦਾ ਮੇਰਾ ਹੈ,
> ਹਰ ਇਕ ਅਧਿਆਏ, ਹਰ ਇੱਕ ਆਇਤ ਦਾ ...ਅਤੇ ਬਹੁਤ ਸੁੰਦਰ ਹੈ,
> ਮੈਂ ਉਸ ਦੇ ਦੈਵਿਕ ਪ੍ਰੇਮ ਵਿੱਚ ਵਿਸ਼ਵਾਸ ਕਰਦਾ ਹਾਂ,
> ਕਿਓਂਕਿ ਪੁਸਤਕ ਵਿੱਚ ਹਰ ਇੱਕ ਵਾਅਦਾ ਮੇਰਾ ਹੈ ।

126 ਅਸੀਂ ਜੈਵੰਤ ਤੋਂ ਵੀ ਵਧ ਕੇ ਹਾਂ ਅਤੇ ਅਬਰਾਹਾਮ ਦੀ ਵੰਸ਼ ਵੈਰੀਆਂ ਦੇ ਫਾਟਕ ਉੱਤੇ ਕਬਜਾ ਕਰੇਗੀ! ਜਦੋਂ ਉਹ ਕਹਿੰਦੇ ਹਨ ਕਿ ਇਹ ਗਲਾਂ ਨਹੀਂ ਹੋ ਸਕਦੀਆਂ, ਜਦੋਂ ਉਹ ਇਸ ਨੂੰ ਇੱਕ ਸੈਤਾਨ ਜਾਂ ਬਆਲ ਜ਼ਬੂਲ ਜਾਂ ਕੁਝ ਹੋਰ ਕਹਿਣਾ ਚਾਹੁੰਦੇ ਹਨ, ਪਰਮੇਸ਼ੁਰ ਜਰੂਰ ਹਰੇਕ ਫਾਟਕ ਨੂੰ ਜਿੱਤ ਲਵੇਗਾ ਅਤੇ ਵੈਰੀ ਨੂੰ ਹਰਾ ਦੇਵੇਗਾ ।

ਆਓ ਅਸੀਂ ਪ੍ਰਾਥਨਾ ਕਰੀਏ ।

127 ਪ੍ਰਭੂ, ਹੋਣ ਦੇ ਕਿ ਅਬਰਾਹਾਮ ਦੀ ਵੰਸ਼...ਪ੍ਰਭੂ ਮੈਂ ਜਾਣਦਾ ਹਾਂ ਕਿ ਉਹ ਇਸ ਨੂੰ ਵੇਖ ਲੈਣਗੇ । ਉਹ ਵਚਨ ਸਹੀ ਜਮੀਨ ਵਿੱਚ ਜਾਏ ਬਿਨਾਂ ਕਿਵੇਂ ਡਿਗ ਸਕਦਾ ਹੈ? ਮੈਂ ਪ੍ਰਾਥਨਾ ਕਰਦਾ ਹਾਂ ਕਿ ਹੁਣ ਉਹ ਸਮਝ ਲੈਣ । ਹੋਣ ਦੇ ਕਿ ਪ੍ਰਾਥਨਾ ਪੰਕਤੀ ਵਿੱਚ ਜੋ ਵੀ ਵਿਅਕਤੀ ਆਵੇ ਉਹ ਚੰਗਾ ਹੋ ਜਾਵੇ ।

128 ਪ੍ਰਭੂ, ਜੇਕਰ ਇਥੇ ਕੁਝ ਹਨ ਜਿਨਾਂ ਨੇ ਅੱਜੇ ਵੀ ਆਪਣੇ ਗੁਨਾਹਾਂ ਦਾ ਇਕਰਾਰ ਨਹੀਂ ਕੀਤਾ, ਮਸੀਹ ਦੇ ਲਈ ਖੁੱਲ ਕੇ ਖੜੇ ਨਹੀਂ ਹੋਏ ਅਤੇ ਉਹਨਾਂ ਸਭ ਅਕੀਦਿਆਂ ਅਤੇ ਠੰਡੀਆਂ ਅਤੇ ਰਸਮੀ ਚੀਜ਼ਾਂ ਦਾ ਇਨਕਾਰ ਕਰਨ ਲਈ ਤਿਆਰ ਹਨ ਜੋ ਉਹਨਾਂ ਨੂੰ ਤੇਰੇ ਕੋਲੋਂ ਦੂਰ ਲੈ ਗਈਆਂ ਸਨ । ਅਤੇ ਹੁਣ ਉਹ ਖੜ੍ਹੇ ਹੋ ਜਾਣ ਅਤੇ ਕਹਿਣ, “ਮੈਂ ਉਸਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰਦਾ ਹਾਂ” । ਫਿਰ ਤੂੰ ਉਹਨਾਂ ਲਈ ਉਸ ਦਿਨ ਖੜ੍ਹਾ ਹੋਵੇਂਗਾ ।

129 ਜਦਕਿ ਸਾਡੇ ਸਿਰ ਝੁਕੇ ਹੋਏ ਹਨ, ਉਹ ਜੋ ਕੁਝ ਪਲਾਂ ਲਈ ਪ੍ਰਾਥਨਾ ਲਈ ਖੜ੍ਹੇ ਹੋਣਾ ਚਾਹੁੰਦੇ ਹਨ, ਇਹ ਕਹੋ, “ਮੈਂ ਹੁਣ ਉਸ ਲਈ ਖੜ੍ਹਾ ਹੋਣਾ ਚਾਹੁੰਦਾ ਹਾਂ, ਤਾਂ ਕਿ ਉਸ ਦਿਨ ਉਸ ਦੀ ਮਹਾਨ ਹਜੂਰੀ ਵਿੱਚ ਉਹ ਮੇਰੇ ਲਈ ਖੜ੍ਹਾ ਹੋਵੇ” । ਮੈਂ ਤੁਹਾਨੂੰ ਇਹ ਕਰਨ ਲਈ ਕਹਿੰਦਾ ਹਾਂ ਅਤੇ ਤੁਹਾਨੂੰ ਇਹ ਮੌਕਾ ਦਿੰਦਾ ਹਾਂ ਕਿ ਤੁਹਾਡਾ ਨਾਮ ਜੀਵਨ ਦੀ ਪੁਸਤਕ ਵਿੱਚ ਰਖਿਆ ਜਾਵੇ, ਜੇਕਰ ਤੁਸੀਂ ਖੜ੍ਹੇ ਹੁੰਦੇ ਹੋ । ਮੈਂ ਤੁਹਾਨੂੰ ਕੋਈ ਕਲੀਸਿਯਾ ਵਿੱਚ ਸ਼ਾਮਲ ਹੋਣ ਲਈ ਨਹੀਂ ਕਹਿ ਰਿਹਾ ਹਾਂ । ਮੈਂ ਤੁਹਾਨੂੰ ਮਸੀਹ ਕੋਲ ਆਉਣ ਲਈ ਕਹਿ ਰਿਹਾ ਹਾਂ, ਜੇਕਰ ਤੁਸੀਂ ਇਥੇ ਹੋ ਅਤੇ ਉਸ ਨੂੰ ਨਹੀਂ ਜਾਣਦੇ ।

130 ਪੁੱਤਰ, ਪਰਮੇਸ਼ੁਰ ਤੈਨੂੰ ਬਰਕਤ ਦੇਵੇ । ਕੀ ਕੋਈ ਹੋਰ ਹੈ, ਕਹੋ, "ਮੈਂ ਹੁਣ ਖੜ੍ਹਾ ਹੋਣਾ ਚਾਹੁੰਦਾ ਹਾਂ ।" ਔਰਤ, ਪਰਮੇਸ਼ੁਰ ਤੈਨੂੰ ਬਰਕਤ ਦਵੇ । ਮੇਰੀ ਭੈਣ ਪਰਮੇਸ਼ੁਰ ਤੈਨੂੰ ਬਰਕਤ ਦਵੇ । "ਮੈਂ ਚਾਹੁੰਦਾ ਹਾਂ..." ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । "ਮੈਂ ਅੱਜ ਦੁਪਹਿਰ ਖੜ੍ਹਾ ਹੁੰਦਾ ਹਾਂ" । ਇਹ ਚੰਗੇ ਲੋਕ, ਆਦਮੀ ਅਤੇ ਔਰਤਾਂ ਖੜ੍ਹੇ ਹਨ, "ਅੱਜ ਦੁਪਹਿਰ ਮੈਂ ਖੜ੍ਹਾ ਹੁੰਦਾ ਹਾਂ" ।

131 ਅਤੇ ਉਸ ਦਿਨ ਜਦ ਡਾਕਟਰ ਕਹੇਗਾ, "ਖਿਲਰਿਆ ਹੋਇਆ; ਇਸਦਾ ਖੂਨ ਵਗ ਰਿਹਾ ਹੈ, ਇਹ ਮਰਨ ਵਾਲਾ ਹੈ ਜਾਂ ਮਰਨ ਵਾਲੀ ਹੈ" । ਜਾਂ ਕਿਸੇ ਸਵੇਰ, ਤੁਸੀਂ ਆਪਣਾ ਖੜ੍ਹੇ ਹੋਣਾ ਯਾਦ ਕਰੋਗੇ । ਤੁਸੀਂ ਹੁਣ ਉਸਦੇ ਲਈ ਖੜ੍ਹੇ ਹੋਵੋ ।

132 "ਜੇਕਰ ਤੁਸੀਂ ਮਨੁਖਾਂ ਦੇ ਸਾਹਮਣੇ ਮੇਰੇ ਤੋਂ ਸ਼ਰਮਾਓਗੇ ਤਾਂ ਮੈਂ ਵੀ ਪਿਤਾ ਅਤੇ ਪਵਿੱਤਰ ਦੂਤਾਂ ਦੇ ਸਾਹਮਣੇ ਤੁਹਾਡੇ ਤੋਂ ਸ਼ਰਮਾਂਵਾਂਗਾ । ਪਰ ਜੇਕਰ ਤੁਸੀਂ ਮਨੁਖਾਂ ਦੇ ਸਾਹਮਣੇ ਮੇਰਾ ਇਕਰਾਰ ਕਰੋਗੇ ਤਾਂ ਮੈਂ ਪਿਤਾ ਅਤੇ ਪਵਿੱਤਰ ਦੂਤਾਂ ਦੇ ਸਾਹਮਣੇ ਤੁਹਾਡਾ ਇਕਰਾਰ ਕਰਾਂਗਾ ।

133 ਮੇਰੀ ਭੈਣ, ਪਰਮੇਸ਼ੁਰ ਤੈਨੂੰ ਬਰਕਤ ਦਵੇ । ਕੀ ਉਥੇ ਬਾਲਕਨੀ ਵਿੱਚ ਵੀ ਕੁਝ ਲੋਕ ਹਨ? ਹੁਣੇ ਹੀ, ਜਦੋਂ ਅਸੀਂ ਇੰਤਜਾਰ ਕਰ ਰਹੇ ਹਾਂ । ਉਹਨਾਂ ਵਿਚੋਂ ਕੁਝ ਹਨ, ਮੁਖ ਫਰਸ਼ ਉੱਤੇ ਹੋਰ? ਸਭ ਠੀਕ ਹੈ । ਮਿੱਤਰ, ਮੈਂ ਤੁਹਾਨੂੰ ਤੁਹਾਡੇ ਵਚਨ ਕੋਲ ਲੈ ਕੇ ਜਾਂਦਾ ਹਾਂ ।

134 ਜੇਰਕ ਵਚਨ ਉਪਜਾਊ ਧਰਤੀ ਉੱਤੇ ਡਿਗੇ ਜਿਵੇਂ ਖੂਹ ਉਥੇ ਉਹ ਔਰਤ, ਉਹ ਸਮਝ ਗਈ ਸੀ । ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਉਸਦੀ ਪ੍ਰਤੀਨਿਧਤਾ ਸਵਰਗ ਵਿੱਚ ਕੀਤੀ ਗਈ ਸੀ । ਜਦੋਂ ਰੌਸਨੀ ਉਸ ਤੇ ਚਮਕੀ ਉਸਨੇ ਉਸਨੂੰ ਪਹਿਚਾਣ ਲਿਆ ।

135 ਮੇਰੇ ਭਾਈ ਪਰਮੇਸ਼ੁਰ ਤੈਨੂੰ ਬਰਕਤ ਦੇਵੇ । ਇਹ ਇੱਕ ਬਹਾਦਰੀ ਹੈ...ਮੇਰੇ ਭਾਈ ਪਰਮੇਸ਼ੁਰ ਤੈਨੂੰ ਬਰਕਤ ਦੇਵੇ । ਤੁਸੀਂ ਆਪਣੇ ਜੀਵਨ ਵਿੱਚ ਮਹਾਨ ਕੰਮ ਕੀਤੇ ਹੋਣਗੇ; ਪਰ ਹੁਣ ਤੁਸੀਂ ਮਸੀਹ ਲਈ ਖੜੇ ਹੋ ਕੇ ਆਪਣੇ ਜੀਵਨ ਦਾ ਸਭ ਤੋਂ ਮਹਾਨ ਕੰਮ ਕਰ ਰਹੇ ਹੋ ।

136 ਸਾਡੇ ਸਵਰਗੀ ਪਿਤਾ, ਅੱਜ ਦੁਪਹਿਰ ਬੀਜ ਧਰਤੀ ਉੱਤੇ ਖਿਲਾਰਿਆ ਗਿਆ ਹੈ । ਅਸੀਂ ਜੀਵਨ ਨੂੰ ਉਛਲਦੇ ਹੋਏ ਵੇਖਦੇ ਹਾਂ । ਆਦਮੀ ਅਤੇ ਔਰਤਾਂ ਆਪਣੇ ਪੈਰਾਂ ਤੇ ਖੜ੍ਹੇ ਹਨ ਅਤੇ ਸਰਬ-ਵਿਆਪਕ, ਸਰਬਗਿਆਤਾ ਅਤੇ ਸਰਬਸਕਤੀਮਾਨ ਪਰਮੇਸ਼ੁਰ ਦੀ ਅੱਖ ਉਹਨਾਂ ਨੂੰ ਵੇਖ ਰਹੀ ਹੈ । ਉਹ ਤੇਰੇ ਹਨ, ਪਿਤਾ । ਮੈਂ ਉਹਨਾਂ ਨੂੰ ਇੱਕ ਟਰਾਫੀ ਦੀ ਤਰ੍ਹਾਂ ਤੁਹਾਨੂੰ ਭੇਂਟ ਕਰਦਾ ਹਾਂ ।

137 ਉਹਨਾਂ ਦਾ ਇਥੇ ਖੜ੍ਹੇ ਹੋਣ ਦਾ ਅਨੁਭਵ, ਇਹ ਜਾਣਦੇ ਹੋਏ ਕਿ ਉਹਨਾਂ ਨੇ ਕੀ ਕੀਤਾ ਹੈ ਅਤੇ ਇਹ ਜਾਣਦੇ ਹੋਏ ਕਿ ਇਸਦਾ ਕੀ ਮਤਲਬ ਹੈ, ਉਹ ਪਰਮੇਸ਼ੁਰ ਦੇ ਲਈ ਥੋੜ੍ਹੇ ਜਿਹੇ ਲੋਕਾਂ ਨਾਲ ਖੜ੍ਹੇ ਹੋ ਸਕਣ । ਹੋਣ ਦੇ ਕਿ ਉਹ ਉਸ ਦਿਨ ਤੱਕ ਸਚੇ ਬਣੇ ਰਹਿਣ ਜਿਸ ਦਿਨ ਉਹ ਤੁਹਾਡੀ ਹਜੂਰੀ ਵਿੱਚ ਖੜ੍ਹੇ ਹੋਣ ਅਤੇ ਫਿਰ ਉਹ ਪਿਆਰੀ ਜਿਹੀ ਅਵਾਜ਼ ਕਹੇਗੀ, "ਹਾਂ, ਇੱਕ ਦਿਨ ਬੈਟਨ ਰੋਜ ਜਾਨ ਇੱਕ ਛੋਟੇ ਜਿਹੇ ਸ਼ਹਿਰ ਡੇਨਹਮ ਸਪ੍ਰਿੰਗਸ ਵਿੱਚ ਇਹ ਮੇਰੇ ਲਈ ਖੜਾ ਹੋਇਆ ਸੀ, ਪਿਤਾ, ਹੁਣ ਮੈਂ ਉਸ ਲਈ ਖੜ੍ਹਾ ਹੋਵਾਂਗਾ" । ਪ੍ਰਭੂ ਇਹ ਪ੍ਰਦਾਨ ਕਰੋ । ਇਹ ਤੇਰੇ ਹਨ, ਯਿਸੂ ਦੇ ਨਾਮ ਵਿੱਚ । ਆਮੀਨ ।

ਤੁਹਾਡੇ ਖੜ੍ਹੇ ਹੋਣ ਲਈ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ । ਪਰਮੇਸ਼ੁਰ ਕਦੇ...

138 ਹੁਣ ਮੇਰੇ ਲਈ ਇੱਕ ਕੰਮ ਕਰੋ । ਜੇਰਕ ਤੁਸੀਂ ਉਥੇ ਹੋ ਜਿਥੇ ਪਾਸਟਰ ਹਨ, ਉਹਨਾਂ ਨੂੰ ਲਭੋ ਅਤੇ ਉਹਨਾਂ ਨਾਲ ਗਲ ਕਰੋ । ਜੇਕਰ ਤੁਹਾਡਾ ਅਜੇ ਤੱਕ ਮਸੀਹ ਵਿੱਚ ਬਪਤਿਸਮਾ

ਨਹੀਂ ਹੋਇਆ ਤਾਂ ਲੈ ਲਵੋ । ਆਪਣੇ ਆਪ ਨੂੰ ਵਿਸ਼ਵਾਸਿਆਂ ਵਿੱਚ ਸ਼ਾਮਿਲ ਕਰ ਲਵੋ, ਢੋਂਗੀ ਵਿਸ਼ਵਾਸ਼ੀਆਂ ਵਿੱਚ ਨਹੀਂ ਬਲਕਿ ਵਿਸ਼ਵਾਸਿਆਂ ਵਿੱਚ ।

ਜਦ ਅਸੀਂ ਪ੍ਰਾਥਨਾ ਕਰਦੇ ਹਾਂ, ਆਓ ਇਹਨਾਂ ਰੁਮਾਲਾਂ ਲਈ ਪ੍ਰਾਥਨਾ ਕਰੀਏ ।

139 ਸਵਰਗੀ ਪਿਤਾ, ਇਹ ਰੁਮਾਲ ਕਿਥੇ ਜਾ ਰਹੇ ਹਨ ਮੈਨੂੰ ਨਹੀਂ ਪਤਾ । ਹੋ ਸਕਦਾ ਹੈ ਕਿਸੇ ਬੂੜ੍ਹੇ ਅੰਨੇ ਡੈਡੀ ਕੋਲ ਜੋ ਦਲਦਲ ਵਿੱਚ ਬੈਠਾ ਹੈ, ਇਸ ਰੁਮਾਲ ਦੇ ਆਉਣ ਲਈ ਉਡੀਕ ਰਿਹਾ ਹੈ; ਇੱਕ ਛੋਟਾ ਜਿਹਾ ਬਚਾ ਜੋ ਹਸਪਤਾਲ ਦੇ ਬਿਸਤਰ ਤੇ ਪਿਆ ਹੈ, ਉਸਦੀ ਮਾਂ ਖੜ੍ਹੀ ਹੈ ਅਤੇ ਵਿਆਕੁਲਤਾ ਨਾਲ ਰੁਮਾਲ ਦੇ ਵਾਪਸ ਆਉਣ ਲਈ ਉਡੀਕ ਰਹੀ ਹੈ । ਸਵਰਗੀ ਪਿਤਾ ਮੈਂ ਪ੍ਰਾਥਨਾ ਕਰਦਾ ਹਾਂ ਕਿ ਤੂੰ ਇਹਨਾਂ ਦੇ ਨਾਲ ਜਾ । ਅਤੇ ਆਪਣੀ ਹਜ਼ੂਰੀ ਅਤੇ ਸਾਡੇ ਵਿਸ਼ਵਾਸ ਨੂੰ ਸਾਬਿਤ ਕਰਨ ਲਈ ਜਿਵੇਂ ਅਸੀਂ ਤੇਰੇ ਵਚਨ ਦਾ ਪ੍ਰਚਾਰ ਕੀਤਾ ਹੈ ਹੋਣ ਦੇ ਕਿ ਜੋ ਵਿਸ਼ਵਾਸ਼ ਅਬਰਾਹਾਮ ਵਿੱਚ ਸੀ ਅਤੇ ਉਹ ਵਿਸ਼ਵਾਸ਼ ਜਿਹੜਾ ਉਤਪੰਨ ਕੀਤਾ ਗਿਆ ਅਤੇ ਯਿਸੂ ਮਸੀਹ ਦੁਆਰਾ ਸਾਨੂੰ ਦਿੱਤਾ ਗਿਆ, ਹੋਣ ਦੇ ਕਿ ਉਹੀ ਵਿਸ਼ਵਾਸ ਇਹਨਾਂ ਰੁਮਾਲਾਂ ਨਾਲ ਜਾਵੇ ਅਤੇ ਜਿਸ ਉੱਤੇ ਵੀ ਰਖੇ ਜਾਣ ਉਸ ਨੂੰ ਚੰਗਾ ਕਰਨ । ਅਸੀਂ ਇਹਨਾਂ ਨੂੰ ਯਿਸੂ ਦੇ ਨਾਮ ਵਿੱਚ ਭੇਜਦੇ ਹਾਂ । ਆਮੀਨ ।

140 ਹੁਣ ਕੁਝ ਪਲਾਂ ਲਈ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਥਨਾ ਪੰਕਤੀ ਸੱਦੀਏ । ਸਰਬਸਕਤੀਮਾਨ ਅਤੇ ਮਹਾਨ ਪਰਮੇਸ਼ੁਰ, ਮਹਾਨ ਅਤੇ ਸਰਬ-ਭਰਪੂਰ... ਮਿਤਰੋ, ਕਿਰਪਾ ਕਰਕੇ, ਮੈਂ—ਮੈਂ ਬਿਮਾਰਾਂ ਲਈ ਪ੍ਰਾਥਨਾ ਪੰਕਤੀ ਬੁਲਾਣ ਜਾ ਰਿਹਾ ਹਾਂ ਅਤੇ ਮੈਂ...ਹੋ ਸਕਦਾ ਹੈ ਜੱਦ ਅਸੀਂ ਹੇਠਾਂ ਆਈਏ, ਮੈਂ—ਮੈਂ ਤੁਹਾਨੂੰ ਕੁਝ ਵੀ ਨਾ ਕਹਿ ਸਕਾਂ, ਤੁਹਾਡੇ ਵਿਚੋਂ ਕੁਝ ਉਸ ਸਮੇਂ ਤੱਕ ਜਾ ਚੁਕੇ ਹੋਣਗੇ । ਤੁਸੀਂ ਜੋ ਵੀ ਹੋ ਜੇਕਰ ਤੁਸੀਂ ਕੁਝ ਸਮੇਂ ਪਹਿਲਾਂ ਖੜ੍ਹੇ ਵੀ ਨਹੀਂ ਹੋਏ ਅਤੇ ਤੁਹਾਨੂੰ ਇਹ ਯਕੀਨ ਨਹੀਂ...

141 ਜੇਕਰ ਤੁਸੀਂ ਇੱਕ ਕਲੀਸਿਯਾ ਦੇ ਮੈਂਬਰ ਹੋ, ਇਹ ਚੰਗੀ ਗੱਲ ਹੈ ਪਰ ਇਹ ਕਾਫੀ ਨਹੀਂ ਹੈ । ਵੇਖੋਂ, ਉਹ ਅਮੀਰ ਜਵਾਨ ਹਾਕਮ ਕਲੀਸਿਯਾ ਦਾ ਮੈਂਬਰ ਸੀ । ਵੇਖਿਆ? ਉਸਨੇ ਯਿਸੂ ਤੋਂ ਪੁਛਿਆ ਕਿ ਅਨੰਤ ਜੀਵਨ ਪਾਉਣ ਲਈ ਉਸਨੂੰ ਕੀ ਕਰਨਾ ਪਵੇਗਾ । ਉਸਨੇ ਉਸਨੂੰ ਕਦੇ ਸਵੀਕਾਰ ਨਹੀਂ ਕੀਤਾ । ਉਹ ਦੂਰ ਚਲਾ ਗਿਆ । ਉਸ ਜਵਾਨ ਆਦਮੀ ਲਈ ਇਹ ਕਰਨਾ ਕਿੰਨਾ ਮੂਰਖਤਾ ਭਰਿਆ ਕੰਮ ਸੀ । ਉਸਦੀ ਜਗ੍ਹਾ ਨਾ ਲਵੋ । ਤੁਹਾਨੂੰ ਚੇਤੇ ਹੈ ਆਖਿਰੀ ਵਾਰ ਉਸ ਦੀ ਕਿਵੇਂ ਪਹਿਚਾਣ ਕਰਾਈ ਗਈ? ਥੋੜ੍ਹੀ ਦੇਰ ਬਾਅਦ ਉਹ ਖੁਸ਼ਹਾਲ ਹੋ ਗਿਆ । ਉਹ ਹੋਰ ਅਮੀਰ ਹੋ ਗਿਆ । ਉਹ ਅਜਿਹੇ ਥਾਂ ਤੱਕ ਵੀ ਪਹੁੰਚਿਆ ਕਿ ਗੋਦਾਮਾਂ ਵਿੱਚ ਰਖਣ ਦੀ ਵੀ ਜਗ੍ਹਾ ਨਹੀਂ ਸੀ । ਪਰ ਅਸੀਂ ਉਸਦੀ ਆਖਰੀ ਪਹਿਚਾਣ ਵੇਖਦੇ ਹਾਂ, ਉਹ ਨਰਕ ਵਿੱਚ ਸੀ ਅਤੇ ਅੱਗ ਦੀਆਂ ਲਪਟਾਂ ਉਸਨੂੰ ਤੜ੍ਹਪਾ ਰਹੀਆਂ ਸਨ । ਆਪਣੇ ਨਾਲ ਅਜਿਹਾ ਨਾ ਹੋਣ ਦਿਓ । ਮਸੀਹ ਨੂੰ ਸਵੀਕਾਰ ਕਰ ਲਵੋ ।

142 ਆਪਣੀ ਉਮਰ ਦੇ ਘੁਮਾਓ ਤੇ ਖੜ੍ਹੇ ਜਵਾਨ ਲੋਕੋ, ਜਵਾਨ ਕੁੜ੍ਹੀਓ ਅਤੇ ਜਵਾਨ ਮੁੰਡਿਓ, ਕਿਰਪਾ ਕਰਕੇ ਇਹ ਕਰ ਲਵੋ । ਮੈਨੂੰ ਉਸ ਭਰਾ ਦੀ ਤਰ੍ਹਾਂ ਸੁਨੋ ਜੋ ਤੁਹਾਨੂੰ ਪ੍ਰੇਮ ਕਰਦਾ ਹੈ । ਮੈਂ ਇਥੇ ਹਾਂ ਕਿਓਂਕਿ ਮੈਂ ਤੁਹਾਨੂੰ ਪ੍ਰੇਮ ਕਰਦਾ ਹਾਂ । ਮੈਂ ਪਰਮੇਸ਼ੁਰ ਨੂੰ ਪ੍ਰੇਮ ਕਰਦਾ ਹਾਂ ਅਤੇ ਮੈਂ ਤੁਹਾਨੂੰ ਪ੍ਰੇਮ ਕਰਦਾ ਹਾਂ ਅਤੇ ਜੇਕਰ ਮੈਂ ਤੁਹਾਨੂੰ ਪ੍ਰੇਮ ਨਹੀਂ ਕਰਦਾ ਤਾਂ ਮੈਂ ਪਰਮੇਸ਼ੁਰ ਨੂੰ ਵੀ ਪ੍ਰੇਮ ਨਹੀਂ ਕਰ ਸਕਦਾ ।

143 ਮੈਂ ਤੁਹਾਨੂੰ ਹੋਰ ਵੀ ਪਿਆਰ ਕਰਾਂਗਾ ਜੇਕਰ ਤੁਸੀਂ ਮੇਰੇ ਉੱਤੇ ਜਾਂ ਮੇਰੇ ਕਿਸੇ ਪੁੱਤਰ ਉੱਤੇ ਟਿੱਪਣੀ ਕਰਦੇ ਹੋ । ਮੈਨੂੰ ਸਿਰਫ਼... ਮੈਂ, ਮੈਂ ਇਸਦੇ ਬਿਨ੍ਹਾਂ ਹੀ ਚਲਾ ਜਾਵਾਂਗਾ । ਹਰੇਕ ਮਾਤਾ ਪਿਤਾ ਇੰਝ ਹੀ ਕਰਦਾ ਹੈ; ਪਰਮੇਸ਼ੁਰ ਵੀ ਇੰਝ ਹੀ ਕਰੇਗਾ । ਵੇਖਿਆ? ਉਸਦੇ ਲੋਕਾਂ ਨਾਲ ਪਿਆਰ ਕਰੋ । ਇੱਕ ਦੂਜੇ ਨਾਲ ਪਿਆਰ ਕਰੋ ।

144 ਤੁਸੀਂ ਕਹਿੰਦੇ ਹੋ, "ਤੁਸੀਂ ਉਹਨਾਂ ਨੂੰ ਕਿਸ ਲਈ ਝਿੜਕਦੇ ਹੋ?" ਸੱਚਾ ਪ੍ਰੇਮ ਸੁਧਾਰ ਕਰਦਾ ਹੈ ।

145 ਜੇਕਰ ਤੁਹਾਡਾ ਬਚਾ ਗਲੀ ਵਿੱਚ ਬੈਠਾ ਹੋਵੇ ਅਤੇ ਤੁਸੀਂ ਕਹਿੰਦੇ ਹੋ, "ਛੋਟੂ ਉਥੇ ਬੈਠਾ ਹੈ । ਉਸਨੂੰ ਇੰਝ ਨਹੀਂ ਕਰਨਾ ਚਾਹੀਦਾ ਪਰ ਮੈਂ ਉਸਦੀਆਂ ਭਾਵਨਾਂਵਾਂ ਨੂੰ ਠੇਸ ਨਹੀਂ ਪਹੁੰਚਾਉਨਾ ਚਾਹੁੰਦਾ" । ਤੁਸੀਂ ਉਸਨੂੰ ਪ੍ਰੇਮ ਨਹੀਂ ਕਰਦੇ । ਉਹ ਉਥੇ ਮਾਰਿਆ ਜਾਵੇਗਾ । ਜੇਕਰ ਤੁਸੀਂ ਉਸਨੂੰ ਪ੍ਰੇਮ ਕਰਦੇ ਹੋ ਤਾਂ ਤੁਸੀਂ ਉਸਨੂੰ ਅੰਦਰ ਲੈ ਕੇ ਆਓਗੇ ਅਤੇ ਉਸਨੂੰ ਇੱਕ ਥੱਪੜ ਮਾਰੋਗੇ । ਤੁਸੀਂ ਉਸ ਤੋਂ ਆਗਿਆਕਾਰੀ ਕਰਾਓਗੇ ।

146 ਪਰਮੇਸ਼ੁਰ ਵੀ ਇੰਝ ਹੀ ਕਰਦਾ ਹੈ । ਪਿਆਰ ਸੁਧਾਰਕ ਹੈ ਅਤੇ ਇਹੀ ਸੱਚਾ ਪਿਆਰ ਹੈ ।

147 ਜੇਕਰ ਪ੍ਰਚਾਰਕ ਇਥੇ ਖੜ੍ਹਾ ਹੁੰਦਾ ਹੈ ਅਤੇ ਔਰਤਾਂ ਨੂੰ ਛੋਟੇ ਵਾਲ ਰਖਣ ਦਿੰਦਾ ਹੈ ਅਤੇ ਪੈਂਟਾਂ ਪਾਉਣ ਦਿੰਦਾ ਹੈ ਅਤੇ ਤੁਹਾਡਾ ਸੁਧਾਰ ਨਹੀਂ ਕਰਦਾ, ਤਾਂ ਉਥੇ ਕੋਈ ਸੱਚਾ ਪਿਆਰ ਨਹੀਂ ਹੈ ਅਤੇ ਉਹ ਇਸ ਬਾਰੇ ਨਹੀਂ ਬੋਲੇਗਾ । ਅਤੇ ਆਦਮਿਆਂ ਨੂੰ ਤਿੰਨ ਜਾਂ ਚਾਰ ਵਾਰ ਵਿਆਹ ਕਰਨ ਦਿੰਦਾ ਹੈ ਅਤੇ ਇਸ ਤਰ੍ਹਾਂ ਦੇ ਕੰਮ ਕਰਦਾ ਹੈ ਅਤੇ ਨਾਲ ਮਿਲ ਜਾਂਦਾ ਹੈ ਤਾਂ ਉਥੇ ਕੋਈ ਸੱਚਾ ਪਿਆਰ ਨਹੀਂ ਹੈ । ਤੁਹਾਨੂੰ ਇੱਕ ਕਲੀਸਿਯਾ ਵਿੱਚ ਸ਼ਾਮਲ ਹੋਣ ਦਿੰਦਾ ਹੈ ਅਤੇ ਤੁਹਾਡੀ ਪਿਠ ਥਪਥਪਾਉਂਦਾ ਹੈ ਤੁਹਾਨੂੰ ਕਿਸੇ ਫਿਰਕੇ ਵਿੱਚ ਮਿਲਾਉਂਦਾ ਹੈ ਅਤੇ ਫਿਰ ਕਹਿੰਦਾ ਹੈ, "ਤੁਸੀਂ ਇਹੀ ਸਭ ਕਰਨਾ ਹੈ, ਬਸ ਪਵਿੱਤਰ ਕਲੀਸਿਯਾ ਵਿੱਚ ਸ਼ਾਮਲ ਹੋਣਾ ਹੈ," ਉਥੇ ਕੋਈ ਪਿਆਰ ਨਹੀਂ ਹੈ । ਜਾਂ ਉਹ ਮਨੁੱਖ ਆਪ ਹੀ ਇੰਨਾ ਗੁਆਚ ਚੁਕਾ ਹੈ ਕਿ ਉਹ ਵੇਖ ਹੀ ਨਹੀਂ ਸਕਦਾ ।

148 ਸੱਚਾ ਪ੍ਰੇਮ ਸੁਧਾਰਕ ਹੈ ਅਤੇ ਤੁਹਾਨੂੰ ਪਰਮੇਸ਼ੁਰ ਦੇ ਵਚਨ ਕੋਲ ਵਾਪਸ ਲੈ ਕੇ ਆਉਂਦਾ ਹੈ ।

149 ਯਿਸੂ ਵੱਲ ਵੇਖੋ ਉਸਨੇ ਕਿਵੇਂ ਇਹ ਕਿਹਾ ਕਿਓਂਕਿ ਉਹ ਉਹਨਾਂ ਨਾਲ ਇੰਨਾ ਪ੍ਰੇਮ ਕਰਦਾ ਸੀ ਏਥੋਂ ਤੱਕ ਕਿ ਉਹਨਾਂ ਦੀ ਜਗ੍ਹਾ ਤੇ ਮਰ ਗਿਆ ਜਦਕਿ ਉਹ ਉਸਦੇ ਲਹੂ ਲਈ ਪੁਕਾਰ ਰਹੇ ਸਨ ।

150 ਹੁਣ ਹੋ ਜਾਵੇ ਕਿ ਪਵਿੱਤਰ ਆਤਮਾ...ਮੈਂ ਸਿਰਫ ਇੱਕ ਮਿੰਟ ਲਈ ਇੰਤਜਾਰ ਕਰਨਾ ਚਾਹੁੰਦਾ ਹਾਂ । ਮੈਂ ਪਵਿੱਤਰ ਆਤਮਾ ਦੇ ਅਭਿਸ਼ੇਕ ਲਈ ਇੰਤਜਾਰ ਕਰ ਰਿਹਾ ਹਾਂ ਇਸਤੋਂ ਪਹਿਲਾਂ ਕਿ ਅਸੀਂ ਸ਼ੁਰੂ ਕਰੀਏ । ਮੈਂ ਪਰਚਾਰ ਕਰ ਰਿਹਾ ਹਾਂ । ਤੁਹਾਡੇ ਸਹਿਯੋਗ ਲਈ ਤੁਹਾਡਾ ਧੰਨਵਾਦ ।

151 ਹੁਣ ਤੁਹਾਡੇ ਵਿਚੋਂ ਹਰੇਕ ਜੰਨ, ਤੁਸੀਂ ਇਸ ਇਮਾਰਤ ਵਿੱਚ ਜਿਥੇ ਵੀ ਹੋ, ਸਿਰਫ ਇੱਕ ਮਿੰਟ ਲਈ ਪ੍ਰਾਥਨਾ ਕਰੋ, ਕਹੋ, "ਪ੍ਰਭੂ ਯਿਸੂ, ਮੇਰੀ ਮਦਦ ਕਰ! ਮੇਰੀ ਮਦਦ ਕਰ! ਮੈਨੂੰ ਆਪਣਾ ਬਸਤਰ ਛੂਹਣ ਦੇ" । ਤੁਸੀਂ ਜਾਣਦੇ ਹੋ ਜਦ ਉਸ ਔਰਤ ਨੇ ਉਸਦਾ ਬਸਤਰ ਛੂਹਿਆ ਤਾਂ ਯਿਸੂ ਨੇ ਕੀ ਕਿਹਾ, ਉਸਨੇ ਇਹ ਸਰੀਰਕ ਤੌਰ ਤੇ ਮਹਿਸੂਸ ਨਹੀਂ ਕੀਤਾ ਪਰ ਉਹ ਪਿਛੇ ਮੁੜਿਆ ਅਤੇ ਜਾਣਿਆ ਕਿ ਉਹ ਕੌਣ ਸੀ ਅਤੇ ਉਸ ਨੇ ਕੀ ਕੀਤਾ ਸੀ । ਅੱਜ ਦੁਪਿਹਰ ਉਹ

ਉਹੀ ਯਿਸੂ ਹੈ, ਇੱਕ ਮਹਾਨ ਜਾਜਕ ਸਾਡੀ ਨਿਰਬਲਤਾਇਆਂ ਦੇ ਅਹਿਸਾਸ ਨਾਲ ਛੁਹਿਆ ਜਾ ਸਕਦਾ ਹੈ ।

152 ਕੀ ਤੁਸੀਂ ਵਿਸ਼ਵਾਸ ਕਰਦੇ ਹੋ, ਤੁਹਾਡੇ ਵਿਚੋਂ ਹਰ ਕੋਈ ਕਿ ਇਹ ਸੱਚ ਹੈ ਕਿ ਜਿਸ ਪਰਮੇਸ਼ੁਰ ਨੇ ਇਹ ਵਾਅਦਾ ਕੀਤਾ ਹੈ, ਇੱਕ ਵਾਰ ਫੇਰ (ਅਤੇ ਹੋ ਜਾਵੇ ਕਿ ਉਹ ਇਹ ਦਿਖਾ ਦੇਵੇ) ਕਿ ਅਸੀਂ ਸਦੂਮ ਦੇ ਦਿਨਾਂ ਵਿੱਚ ਰਹਿ ਰਹੇ ਹਾਂ? ਇਸ ਇਮਾਰਤ ਵਿੱਚ ਕਿੰਨੇ ਇਸ ਤੇ ਵਿਸ਼ਵਾਸ਼ ਕਰਦੇ ਹਨ, ਆਪਣੇ ਹੱਥ ਖੜੇ ਕਰੋ ।

153 ਜਿਵੇਂ ਸਦੂਮ ਵਾਂਗ ਜੀ ਰਹੇ ਹਾਂ । ਸੰਸਾਰ ਦੀ ਸਾਰੀ ਵਿਵਸਥਾ, ਚਰਚ ਵਿਵਸਥਾ, ਰਾਜਨੀਤਿਕ ਵਿਵਸਥਾ ਸਭ ਕੁਝ ਦੂਸ਼ਿਤ ਹੋ ਚੁਕਾ ਹੈ । ਉਥੇ ਕੁਝ ਵੀ ਨਹੀਂ ਹੈ । ਰਾਜਨੀਤੀ ਭ੍ਰਿਸਟ ਹੋ ਚੁਕੀ ਹੈ । ਸਭ ਜਗਾ ਤੇ ਵਿਵਸਥਾ, ਸਾਡੇ ਸ਼ਾਸਕ, ਇਹ ਸਭ ਭ੍ਰਿਸ਼ਟਾਚਾਰ ਹੈ । ਕਲੀਸਿਯਾ ਵੀ ਉਸੇ ਤਰ੍ਹਾਂ ਹੋ ਗਈ ਹੈ । ਪਰਿਵਾਰ ਉਸੇ ਤਰ੍ਹਾਂ ਬਣ ਗਏ ਹਨ । ਇਹ ਸਿਰਫ ਭ੍ਰਿਸਟਤਾ ਹੈ, ਸਦੂਮ ਹੈ!

154 ਫਿਰ ਚੇਤੇ ਕਰੋ, ਪਰਮੇਸ਼ੁਰ ਨੇ ਤੁਹਾਡੇ ਸਾਹਮਣੇ ਲਿਆਂਦਾ ਹੈ, ਫਿਰ ਚੇਤੇ ਕਰੋ ਉਸਨੇ ਕਿਹਾ ਸੀ ਕਿ ਉਹ ਮਨੁਖੀ ਦੇਹ ਵਿੱਚ ਆਪਣੇ ਆਪ ਨੂੰ ਪ੍ਰਗਟ ਕਰੇਗਾ ਅਤੇ ਉਹ ਉਸੇ ਤਰ੍ਹਾਂ ਕਰੇਗਾ ਜਿਵੇਂ ਉਸਨੇ ਵਾਅਦਾ ਕੀਤੇ ਹੋਏ ਪੁੱਤਰ ਦੇ ਦ੍ਰਿਸ਼ ਉੱਤੇ ਆਉਣ ਤੋਂ ਪਹਿਲਾਂ ਸਦੂਮ ਵਿੱਚ ਕੀਤਾ ਸੀ । ਉਸਨੇ ਉਸਦੇ ਭੇਜਣ ਦਾ ਵਾਅਦਾ ਕੀਤਾ ਸੀ ਜੋ ਵਾਅਦਾ ਕੀਤੇ ਹੋਏ ਪੁੱਤਰ ਤੋਂ ਪਹਿਲਾਂ ਆਵੇਗਾ ਅਤੇ ਉਹ ਉਸਦੀ ਪਹਿਚਾਣ ਕਰਾਵੇਗਾ ਜਿਵੇਂ ਉਸਨੇ ਪਹਿਲਾਂ ਕੀਤਾ ਸੀ ਅਤੇ ਕਿਹਾ ਸੀ, "ਜਦੋਂ ਮਨੁੱਖ ਦਾ ਪੁੱਤਰ ਪ੍ਰਗਟ ਹੋਵੇਗਾ" ।

155 ਮੈਂ ਤੁਹਾਨੂੰ ਨਹੀਂ ਜਾਣਦਾ । ਠੀਕ ਹੈ, ਮਿਸ ਥੌਮਪਸਨ, ਤੁਹਾਨੂੰ ਉਹ ਔਰਤਾਂ ਵਾਲੀ ਮੁਸੀਬਤ ਅਤੇ ਉਲਝਣਾਂ ਹਨ, ਤੁਸੀਂ ਵਿਸ਼ਵਾਸ਼ ਕਰਦੇ ਹੋ ਕੀ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ? ਕੀ ਤੁਸੀਂ ਇਸਦਾ ਵਿਸ਼ਵਾਸ ਕਰ ਸਕਦੇ ਹੋ? ਤੁਸੀਂ ਕਰੋਗੇ? ਮਿਸ, ਮਿਸ ਥੋਮਸ, ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਨੂੰ ਚੰਗਾ ਕਰ ਦੇਵੇਗਾ? ਤਾਂ ਫਿਰ ਆਪਣੇ ਹੱਥ ਖੜੇ ਕਰੋ ।

156 ਤੁਹਾਡੇ ਪਿਛੇ ਇੱਕ ਔਰਤ ਬੈਠੀ ਹੋਈ ਹੈ । ਉਹ ਪ੍ਰਾਥਨਾ ਕਰ ਰਹੀ ਹੈ । ਉਸ ਨੂੰ ਜੋੜਾਂ ਦਾ ਦਰਦ ਹੈ ।

157 ਉਸਦੇ ਨਾਲ ਇੱਕ ਹੋਰ ਬੈਠੀ ਹੈ ਉਸਦੇ ਪੇਟ ਦੀ ਤਕਲੀਫ਼ ਹੈ, ਉਹ ਵੀ ਪ੍ਰਾਥਨਾ ਕਰ ਰਹੀ ਹੈ । ਤੁਸੀਂ ਇਸ ਨੂੰ ਖੁੰਝਾ ਦੇਵੋਗੇ, ਤੁਸੀਂ ਨਾ ਵੇਖੋ । ਤੁਸੀਂ ਏਥੋਂ ਦੇ ਨਹੀਂ ਹੋ । ਤੁਸੀਂ ਮਿਸੀਸਿਪੀ ਤੋਂ ਹੋ । ਤੁਸੀਂ ਸ੍ਰੀਮਾਨ ਅਤੇ ਸ੍ਰੀਮਤੀ ਸਟਰਿੰਗਰ । ਜੇਕਰ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰੋ ਤਾਂ ਯਿਸੂ ਮਸੀਹ ਤੁਹਾਨੂੰ ਚੰਗਾ ਕਰ ਦੇਵੇਗਾ । ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ । ਕੀ ਤੁਸੀਂ ਕਰਦੇ ਹੋ? ਤਾਂ ਤੁਸੀਂ ਇਸ ਨੂੰ ਪਾ ਸਕਦੇ ਹੋ । ਠੀਕ ਹੈ । ਆਪਣੇ ਹੱਥਾਂ ਨੂੰ ਉੱਪਰ ਉਠਾਓ ਤਾਂਕਿ ਲੋਕ ਤੁਹਾਨੂੰ ਵੇਖ ਸਕਣ ।

158 ਮੈਂ ਉਹਨਾਂ ਲੋਕਾਂ ਨੂੰ ਨਹੀਂ ਜਾਣਦਾ । ਮੈਂ ਉਹਨਾਂ ਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ । ਮਿੱਤਰ, ਤੈਨੂੰ ਇਸ ਤੇ ਵਿਸ਼ਵਾਸ ਕਰਨਾ ਹੀ ਪਵੇਗਾ । ਉਹ ਆਪਣੀ ਪਹਿਚਾਣ ਕਰਾ ਰਿਹਾ ਹੈ । ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਇਸਦਾ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ]

159 ਸ਼੍ਰੀਮਾਨ ਤੁਸੀਂ ਆਪਣਾ ਸਿਰ ਕਿਓਂ ਹਿਲਾਇਆ ਅਤੇ ਮੇਰੀ ਵਲ ਇਸ ਤਰ੍ਹਾਂ ਕਿਓਂ ਵੇਖ ਰਹੇ ਹੋ? ਜੀ ਹਾਂ, ਸ਼੍ਰੀਮਾਨ । ਕਿਓਂਕਿ ਤੁਸੀਂ ਇਹ ਕੀਤਾ ਹੈ ਮੈਂ ਤੁਹਾਡੇ ਨਾਲ ਇੱਕ ਮਿੰਟ ਗਲ

ਕਰਾਂਗਾ । ਤੁਸੀਂ ਇੱਕ ਬਜੁਰਗ ਸੱਜਣ ਹੋ ਜੋ ਉਥੇ ਬੈਠੇ ਹੋਏ ਹੋ ਅਤੇ ਮੇਰੀ ਵਲ ਵੇਖ ਰਹੇ ਹੋ । ਉਸਨੇ ਮੇਰੀ ਵਲ ਏਨੀ ਗੰਭੀਰਤਾ ਨਾਲ ਵੇਖਿਆ । ਉਸਨੇ ਇਸਦਾ ਵਿਸ਼ਵਾਸ਼ ਕੀਤਾ । ਤੁਸੀਂ ਕਿਸੇ ਲਈ ਪ੍ਰਾਥਨਾ ਕਰ ਰਹੇ ਹੋ ਜਿਸਨੂੰ ਦੌਰਾ ਪੈਂਦਾ ਹੈ । ਪਰ—ਪਰ ਤੁਹਾਡਾ ਮੁਖ ਵਿਸ਼ਾ ਜਿਸ ਲਈ ਤੁਸੀਂ ਪ੍ਰਾਥਨਾ ਕਰ ਰਹੇ ਹੋ, ਤੁਸੀਂ ਪਵਿੱਤਰ ਆਤਮਾ ਦਾ ਬਪਤਿਸਮਾ ਮੰਗ ਰਹੇ ਹੋ । ਇਹ ਠੀਕ ਹੈ । ਇਹ ਠੀਕ ਹੈ । ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ! ਔਰਤ, ਤੂੰ ਕੋਈ ਰੋਜਗਾਰ ਲਭ ਰਹੀ ਹੈਂ । ਇਸ ਤੋਂ ਇਲਾਵਾ ਤੂੰ ਜਾਣਦੀ ਹੋਵੇਂਗੀ ਕਿ ਮੈਂ ਪਰਮੇਸ਼ੁਰ ਦਾ ਨਬੀ ਜਾਂ ਸੇਵਕ ਹਾਂ, ਤੇਰੇ ਦੋ ਆਪ੍ਰੇਸ਼ਨ ਹੋ ਚੁਕੇ ਹਨ । ਤੈਨੂੰ ਇਸਨੇ ਕਮਜੋਰ ਕਰ ਛਡਿਆ ਹੈ । ਸਭ ਪ੍ਰਕਾਰ ਦੇ ਹਲਾਤ, ਆਤਮਿਕ ਪਰੇਸ਼ਾਨੀ । ਮੈਂ ਤੈਨੂੰ ਦਸਣਾ ਚਾਹੁੰਦਾ ਹਾਂ ਕਿ ਸਭ ਕੁਝ ਠੀਕ ਹੋ ਚੁਕਾ ਹਿਆ । ਤੇਰੇ ਵਿਸ਼ਵਾਸ਼ ਨੇ ਤੈਨੂੰ ਚੰਗਾ ਕੀਤਾ ।

160 [ਟੇਪ ਉੱਤੇ ਖਾਲੀ ਥਾਂ—ਸੰਪਾਦਕ]...ਤੁਹਾਡੇ ਨਾਲ ਬੈਠੇ ਹਨ । ਉਹ ਪ੍ਰਾਥਨਾ ਕਰ ਰਹੀ ਹੈ । ਇਥੇ ਵੇਖੋ । ਤੁਸੀਂ ਉਸਨੂੰ ਛੂਹ ਲਿਆ ਹੈ ਅਤੇ ਉਸਨੇ ਤੁਹਾਡੀ ਸੁਣ ਲਈ ਹੈ । ਤੁਸੀਂ ਨਹੀਂ ਜਾਣਦੇ ਪਰ ਉਹ ਜਾਣਦਾ ਹੈ । ਮੈਂ ਤੁਹਾਨੂੰ ਦਸਾਂਗਾ ਕਿ ਤੁਸੀਂ ਕੀ ਪ੍ਰਾਥਨਾ ਕਰ ਰਹੇ ਸੀ । ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ? ਤੁਹਾਡੇ ਪਿੱਤ ਵਿੱਚ ਪਰੇਸ਼ਾਨੀ ਹੈ ਅਤੇ ਤੁਸੀਂ ਇਸ ਬਾਰੇ ਪ੍ਰਾਥਨਾ ਕਰ ਰਹੇ ਸੀ । ਕੀ ਤੁਸੀਂ ਵਿਸ਼ਵਾਸ਼ ਕਰਦੇ ਹੋ ਕੀ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ ਅਤੇ ਤੁਹਾਨੂੰ ਠੀਕ ਕਰ ਦੇਵੇਗਾ? ਤੁਸੀਂ ਸ੍ਰੀਮਤੀ ਸਮਿਥ ਹੋ । ਇਹ ਠੀਕ ਹੈ । ਆਪਣਾ ਹੱਥ ਖੜਾ ਕਰੋ ।

161 ਵੇਖੋ, ਉਹ ਆਪਣੀ ਪਹਿਚਾਣ ਦੇ ਰਿਹਾ ਹੈ? ਇਹ ਕੀ ਹੈ? ਇਹ ਅਬਰਾਹਾਮ ਦੀ ਵੰਸ਼ ਹੈ, ਜੋ ਵਿਸ਼ਵਾਸ਼ ਅਬਰਾਹਾਮ ਕੋਲ ਸੀ, ਯਿਸੂ ਮਸੀਹ ਆਪਣੇ ਵਚਨ ਨੂੰ ਪੱਕਾ ਕਰ ਰਿਹਾ ਹੈ ਅਤੇ ਨਿਸ਼ਾਨ ਵੀ ਵਿਖਾ ਰਿਹਾ ਹੈ ।

162 ਕਿੰਨੇ ਲੋਕ ਹਨ ਜਿਨਾਂ ਕੋਲ ਕਾਰਡ ਹਨ ਅਤੇ ਉਹ ਪ੍ਰਾਥਨਾ ਕਰਾਉਣੀ ਚਾਹੁੰਦੇ ਹਨ ਆਪਣੇ ਹੱਥ ਖੜੇ ਕਰੋ? ਔਹ, ਸਾਨੂੰ ਪ੍ਰਾਥਨਾ ਪੰਕਤੀ ਸ਼ੁਰੂ ਕਰ ਲੈਣੀ ਚਾਹੀਦੀ ਹੈ ।

163 ਤੁਸੀਂ ਵੇਖਦੇ ਹੋ, ਕੀ ਤੁਸੀਂ ਸਮਝਦੇ ਹੋ? ਹੁਣ ਉਹ ਆਤਮਾ ਸਿਰਫ...ਚੰਗਾ ਨਹੀਂ ਕਰਦਾ । ਉਹ ਆਪਣੇ ਇਥੇ ਹੋਣ ਦਾ ਪ੍ਰਮਾਣ ਦਿੰਦਾ ਹੈ । ਤੁਹਾਡੇ ਪਾਸਟਰਾਂ ਕੋਲ ਵੀ ਬਿਮਾਰਾਂ ਲਈ ਪ੍ਰਥਾਨਾ ਕਰਨ ਦਾ ਉਹੀ ਅਧਿਕਾਰ ਹੈ । ਉਹ ਉਸ ਤਰ੍ਹਾਂ ਨਹੀਂ ਕਰਦੇ; ਨਹੀਂ ਯਕੀਨਨ ਨਹੀਂ । ਪਰ ਉਹਨਾਂ ਕੋਲ ਉਸੇ ਤਰ੍ਹਾਂ ਦਾ ਅਧਿਕਾਰ ਹੈ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ" ।

164 ਹੁਣ ਮੈਂ ਆਪਣੇ ਪਾਸਟਰ ਮਿੱਤਰਾਂ ਨੂੰ ਇਥੇ ਚਾਹੁੰਦਾ ਹਾਂ । (ਇਹ ਠੀਕ ਰਹੇਗਾ, ਸਭਾ ਵਿਚੋਂ ਬੁਲਾ ਲਵੋ...?...)

165 ਇਥੇ ਕਿੰਨੇ ਪਾਸਟਰ ਹਨ ਜੋ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ਼ ਕਰਦੇ ਹਨ, ਸੇਵਕ ਜੋ ਇਥੇ ਹਨ ਵਿਸ਼ਵਾਸ ਕਰਦੇ ਹਨ? ਔਹ, ਤੁਹਾਡਾ ਧੰਨਵਾਦ । ਮੈਨੂੰ ਅਚਰਜ ਹੈ ਜੇਰਕ ਤੁਸੀਂ ਖੜੇ ਹੋਵੇ? ਇਥੇ ਆਓ ਅਤੇ ਇੱਕ ਮਿੰਟ ਮੇਰੇ ਨਾਲ ਖੜ੍ਹੇ ਹੋਵੋ ਅਤੇ ਬਿਮਾਰਾਂ ਲਈ ਪ੍ਰਾਥਨਾ ਕਰੋ । ਠੀਕ ਇਥੇ ਆ ਜਾਵੋ । ਹੁਣ ਤੁਸੀਂ ਚੰਗਾਈ ਹੁੰਦੇ ਹੋਈਆਂ ਵੇਖੋ ਅਤੇ ਵੇਖੋ ਕੀ ਹੁੰਦਾ ਹੈ ।

166 ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਕ ਦੋਹਰੀ ਕਤਾਰ ਬਣਾ ਲਵੋ । ਮੈਂ ਕੁਝ ਪਲਾਂ ਵਿੱਚ ਬਿਮਾਰਾਂ ਲਈ ਪ੍ਰਾਥਨਾ ਕਰਨ ਲਈ ਹੇਠਾਂ ਆ ਰਿਹਾ ਹਾਂ । ਮੈਂ ਵਿਸ਼ਵਾਸ਼ੀ ਪਾਸਟਰਾਂ ਨੂੰ ਚਾਹੁੰਦਾ ਹਾਂ ਜੋ ਆਪਣੇ ਆਪ ਦੀ ਪਹਿਚਾਣ ਵਿਸ਼ਵਾਸੀ ਦੀ ਤਰ੍ਹਾਂ ਦਿੰਦੇ ਹਨ । ਇਥੇ ਆਉਣ ਤੋਂ ਪਹਿਲਾਂ

ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਤੁਸੀਂ ਇੱਕ ਪਵਿੱਤਰ ਅਤੇ ਸਾਫ਼ ਸੁਥਰਾ ਜੀਵਨ ਜੀ ਰਹੇ ਹੋ । ਯਾਦ ਰਖੋ, ਇਥੇ ਵੇਖੋ ਕੀ ਬਾਹਰ ਆ ਰਿਹਾ ਹੈ, ਮਸੀਹ ਦੀ ਇੰਜੀਲ ਦਾ ਦੀ ਨੁਮਾਇੰਦਗੀ ਕਰਦੇ ਹੋਏ!

167 ਭਾਈ ਬਲੇਅਰ, ਮੈਂ ਤੁਹਾਨੂੰ ਜਾਣਦਾ ਹਾਂ,ਤੁਸੀਂ ਅਤੇ ਭਾਈ ਪੈਟ । ਤੁਸੀਂ ਅਤੇ ਭਾਈ ਪੈਟ ਦੂਹਰੀ ਕਤਾਰ ਬਣਾ ਲਵੋ ਜਿਵੇਂ ਤੁਸੀਂ ਕਰਦੇ ਹੁੰਦੇ ਹੋ ।

168 ਵਿਸ਼ਵਾਸ਼ੀ ਪਾਸਟਰ ਜੋ ਵਿਸ਼ਵਾਸ਼ ਕਰਨ ਜਾ ਰਹੇ ਹਨ! ਹੁਣ ਵੇਖੋ ਜੇਕਰ ਪਰਮੇਸ਼ੁਰ ਆਪਣੇ ਵਚਨ ਦੇ ਨਾਲ ਇਸ ਤਰ੍ਹਾਂ ਪਹਿਚਾਣ ਦਿੰਦਾ ਹੈ ਕਿੰਨੇ ਇਹ ਜਾਣਦੇ ਹਨ ਕਿ ਬਾਈਬਲ ਵਿੱਚ ਯਿਸੂ ਨੇ ਇਹ ਕਿਹਾ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ, ਜੇਕਰ ਉਹ ਬਿਮਾਰਾਂ ਉੱਤੇ ਆਪਣੇ ਹੱਥ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ"? ਪਾਸਟਰੋ ਤੁਸੀਂ ਇਥੇ ਆਪਣੇ ਆਪ ਦੀ ਇੱਕ ਵਿਸ਼ਵਾਸੀ ਦੀ ਤਰ੍ਹਾਂ ਪਹਿਚਾਣ ਦੇਣ ਲਈ ਆਏ ਹੋ । ਕੀ ਤੁਸੀਂ ਹੋ? ਤੁਸੀਂ ਵਿਸ਼ਵਾਸੀ ਹੋ (ਕੀ ਤੁਸੀਂ ਨਹੀਂ ਹੋ?), ਤੁਸੀਂ ਇਥੇ ਖੜੇ ਨਹੀ ਸੀ ਹੋ ਸਕਦੇ । ਹੁਣ ਯਿਸੂ ਨੇ ਕੀ ਕਿਹਾ ਸੀ? "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ" । ਮੈਂ ਤੁਹਾਡੇ ਨਾਲ ਇੱਕ ਵਿਸ਼ਵਾਸ਼ੀ ਹਾਂ ।

169 ਮੈਂ ਹੇਠਾਂ ਆ ਰਿਹਾ ਹਾਂ । ਇਹ ਸਾਡੇ ਲੋਕ ਹਨ ਅਤੇ ਅਸੀਂ ਇਹਨਾਂ ਭੇਡਾਂ ਦੇ ਚਰਵਾਹੇ ਹਾਂ । ਮੈਂ ਆਪਣਾ ਤੁਹਾਡੇ ਨਾਲ ਆਪਣੇ ਹੱਥ ਮਿਲਾ ਕੇ ਆਪਣਾ ਜਾਲ ਪਾਉਣ ਲਈ ਹੇਠਾਂ ਆ ਰਿਹਾ ਹਾਂ । ਅਤੇ ਜਦੋਂ ਇਹ ਲੋਕ ਆ ਰਹੇ ਹਨ ਜੇਕਰ ਤੁਹਾਡੇ ਦਿਮਾਗ ਵਿੱਚ ਜਰਾ ਜਿਹਾ ਵੀ ਸ਼ੱਕ ਹੈ ਤਾਂ ਉਸਨੂੰ ਬਾਹਰ ਕਢ ਦਿਓ ਤਾਂਕਿ ਜਦੋਂ ਲੋਕ ਆਉਣ ਤਾਂ ਅਸੀਂ ਹਰੇਕ ਤੇ ਆਪਣਾ ਹੱਥ ਰਖਾਂਗੇ ਤਾਂ ਉਹ ਚੰਗੇ ਹੋ ਜਾਣਗੇ । ਕੀ ਹਰ ਕੋਈ ਹੁਣ ਆਪਣੇ ਪੂਰੇ ਹਿਰਦੇ ਤੋਂ ਵਿਸ਼ਵਾਸ਼ ਕਰੇਗਾ? [ਸੇਵਕ ਆਖਦੇ ਹਨ, "ਆਮੀਨ"—ਸੰਪਾਦਕ]

170 ਇਥੇ ਕਿੰਨੇ ਹਨ ਜੋ ਦੂਸਰਿਆਂ ਲਈ ਪ੍ਰਾਥਨਾ ਕਰਨਗੇ ਜਦਕਿ ਉਹ ਏਥੋਂ ਲੰਘਣਗੇ, ਆਪਣੇ ਹੱਥ ਖੜੇ ਕਰੋ, "ਮੈਂ ਪ੍ਰਾਥਨਾ ਕਰਾਂਗਾ" ।

171 ਯਾਦ ਰਖੋ, ਹੋ ਸਕਦਾ ਹੈ ਇਹ ਤੁਹਾਡਾ ਪਿਤਾ, ਮਾਤਾ, ਤੁਹਾਡੀ ਪੁੱਤਰੀ ਜਾ ਪੁੱਤਰ ਜਾਂ ਭਰਾ ਹੋਵੇ । ਅਤੇ ਜੇਕਰ ਉਹ ਤੁਹਾਡਾ ਨਹੀਂ ਹੈ ਤਾਂ ਕਿਸੇ ਹੋਰ ਦਾ ਹੋ ਸਕਦਾ ਹੈ ਜਦੋਂ ਉਹ ਇਸ ਕਤਾਰ ਵਿਚੋਂ ਲੰਘਣਗੇ । ਅਤੇ ਕੀ ਹੁੰਦਾ ਜੇਕਰ ਇਹ ਉਹ ਹੁੰਦੇ ਅਤੇ ਕੈਂਸਰ ਜਾਂ ਕਿਸੇ ਹੋਰ ਖਤਰਨਾਕ ਰੋਗ ਨਾਲ ਮਰ ਰਹੇ ਹੁੰਦੇ, ਕੀ ਤੁਸੀਂ ਲੋਕਾਂ ਨੂੰ ਪੂਰੀ ਤਰ੍ਹਾਂ ਗੰਭੀਰ ਨਹੀਂ ਚਾਹੁੰਦੇ? ਯਕੀਨਨ ਅਸੀਂ ਚਾਹੁੰਦੇ ।

172 ਹੁਣ, ਮੈਂ ਵਿਸ਼ਵਾਸ ਕਰਦਾ ਹਾਂ, ਤੁਸੀਂ ਕਿਵੇਂ ਜਾ ਰਹੇ...ਹੁਣ *ਇਹ* ਇਸ ਕਤਾਰ ਵਿੱਚ, ਆਪਣੇ ਪ੍ਰਾਥਨਾ ਕਾਰਡ ਦੇ ਨਾਲ ਬਾਹਰ ਵਲੋਂ *ਉਸ* ਤਰਫ਼ ਖਲੋ ਜਾਓ । ਉਹ ਸਾਰੇ ਜੋ ਸੱਜੇ ਪਾਸੇ ਹਨ, ਉਸ ਪਾਸੇ ਮੂੰਹ ਕਰਕੇ ਖਲੋ ਜਾਓ । ਹੁਣ ਖਬੇ ਪਾਸੇ ਵਾਲਿਆਂ ਨੂੰ ਰੋਕ ਕੇ ਰਖਣਾ ਨਹੀਂ ਤਾ ਜਾਮ ਲਗ ਜਾਵੇਗਾ, ਤੁਸੀਂ ਵੇਖ ਰਹੇ ਹੋ ਅਤੇ ਤੁਸੀਂ ਨਹੀਂ ਜਾਣਦੇ ਅਸੀਂ ਕਿਵੇਂ ਅਤੇ ਕੀ ਕਰ ਰਹੇ ਹਾਂ । ਸਭ ਠੀਕ ਹੈ, ਉਹ ਸਾਰੇ ਜੋ *ਇਸ* ਪਾਸੇ ਹਨ, *ਇਥੇ* ਖੜੇ ਹੋ ਜਾਓ । ਹੁਣ ਜਿਹੜੇ ਸਜੇ ਪਾਸੇ ਹਨ, ਇਸ ਰਸਤੇ ਆ ਜਾਓ, 'ਕਿਓਂਕਿ ਤੁਸੀਂ ਘੁੰਮ ਕੇ ਇਥੇ ਆਓਗੇ ।

173 ਅਤੇ ਤੁਸੀਂ ਕਿਵੇਂ ਜਾ ਰਹੇ ਹੋ, ਭਾਈ ਬਾਰਡਰ ਓਹ ਕਿਵੇਂ ਬਾਹਰ ਜਾਣਗੇ? ਸੱਜੇ ਦਰਵਾਜੇ ਤੋਂ ਬਾਹਰ ਜਾਣਾ ਹੈ ਅਤੇ ਘੁੰਮ ਕੇ ਫਿਰ ਇਮਾਰਤ ਵਿੱਚ ਆਣਾ ਹੈ ।

174 ਇਸਲਈ, ਜੱਦ *ਇਹ* ਪਾਸ਼ਾ ਕੁਝ ਮਿੰਟਾ ਬਾਅਦ ਬੁਲਾਇਆ ਜਾਵੇਗਾ ਅਤੇ ਉਹ ਖੜੇ ਹੋ ਜਾਣਗੇ। ਅਤੇ ਚਲੋ ਵੇਖਦੇ ਹਾਂ ਕੀ…ਠੀਕ ਹੈ, ਜੋ *ਇਸ* ਪਾਸੇ ਹਨ, ਉਸ ਪਾਸੇ ਨੂੰ ਘੁੰਮ ਜਾਓ। ਅਤੇ ਤੁਸੀਂ ਜੋ ਬਾਲਕਨੀ ਵਿੱਚ ਹੋ ਚਲ ਕੇ ਹੇਠਾਂ ਆਓ ਅਤੇ ਕਤਾਰ ਦੇ ਅਖੀਰ ਤੇ ਉਹਨਾਂ ਨਾਲ ਮਿਲ ਜਾਓ। ਅਤੇ ਜੋ ਖਬੇ ਪਾਸੇ ਹਨ ਉਹ ਖਬੇ ਹੱਥ ਹੋ ਜਾਣ। ਅਤੇ ਫਿਰ ਤੁਸੀਂ ਵੇਖੋ ਤੁਹਾਡੀ ਕਤਾਰ ਬਣ ਜਾਵੇਗੀ ਅਤੇ *ਉਸ* ਰਸਤੇ ਵਾਪਸ ਚਲੇ ਜਾਣਾ, ਘੁੰਮ ਕੇ, *ਉਸ* ਪਾਸੇ ਨੂੰ ਮੁੜ੍ਹਨਾ। ਵੇਖਿਆ? ਅਤੇ ਤੁਸੀਂ ਕਤਾਰ ਦੇ ਵਿੱਚ ਰਹਿਣਾ ਅਤੇ ਫਿਰ ਕੋਈ ਗੜ੍ਹਬੜ ਨਹੀਂ ਹੋਵੇਗੀ।

175 ਅਤੇ ਫਿਰ ਜੋ ਤੁਸੀਂ ਬਾਲਕਨੀ ਵਿੱਚ ਹੋ ਆਪਣੀ ਜਗ੍ਹਾ ਤੇ ਰਹੋ ਅਤੇ ਜਦੋ ਉਹ ਆਉਂਦੇ ਹਨ ਤੁਸੀਂ ਹੇਠਾਂ ਆ ਜਾਣਾ।

176 ਹੁਣ ਪਿਛੇ ਤੁਰਨਾ ਸ਼ੁਰੂ ਕਰ ਦੇਵੋ, ਹਰ ਕੋਈ, ਤਦ ਤੱਕ ਤੁਰਦੇ ਰਹੋ ਜਦ ਤਕ ਤੁਸੀਂ ਇਸ ਕਤਾਰ ਨਾਲ *ਇਥੇ* ਨਹੀਂ ਮਿਲ ਜਾਂਦੇ। ਬਸ ਇਥੇ ਆ ਜਾਓ, *ਇਥੇ* ਉੱਪਰ, ਚਕਰ ਵਿੱਚ ਤੁਰਨਾ ਸ਼ੁਰੂ ਕਰ ਦਿਓ ਅਤੇ *ਇਥੇ* ਇਸ ਕਤਾਰ ਵਿੱਚ ਆ ਜਾਓ।

177 ਔਹ, ਹੁਣ ਕੀ ਹੋ ਸਕਦਾ ਹੈ! ਕੀ ਹੋ ਸਕਦਾ ਹੈ! ਇਹ ਉਹ ਸਮ੍ਹਾਂ ਹੋਣ ਜਾ ਰਿਹਾ ਹੈ ਜਦੋਂ ਕੁਝ ਵੀ ਹੋ ਸਕਦਾ ਹੈ। ਸਭ ਠੀਕ ਹੈ।

178 ਹੁਣ, ਇਹ ਠੀਕ ਹੈ, *ਉਸ* ਰਸਤੇ ਵਾਪਸ ਜਾਓ ਅਤੇ ਕਤਾਰ ਵਿੱਚ ਆ ਜਾਓ। ਇਸ ਗਲੀ ਦੇ ਨਾਲ ਜਾਓ। ਹੁਣ ਇਹ ਹੀ ਰਸਤਾ ਹੈ।

179 ਅਤੇ ਹੁਣ ਜਦੋ ਤੁਸੀਂ ਸਾਰੇ ਆਪਣੇ ਪੈਰਾਂ ਤੇ ਖੜ੍ਹੇ ਹੋ ਅਸੀਂ ਪ੍ਰਾਥਨਾ ਕਰਾਂਗੇ। ਅਤੇ ਇਹ ਸਭਾ ਮੇਰੇ ਨਾਲ ਪ੍ਰਾਥਨਾ ਕਰਨ ਜਾ ਰਹੀ ਹੈ ਕਿ ਤੁਸੀਂ ਚੰਗੇ ਕੀਤੇ ਜਾਓਗੇ। ਹੁਣ ਸਿਰਫ ਵਿਸ਼ਵਾਸ਼ ਕਰੋ। ਅਤੇ ਨਾ…

180 ਪਿਛੋਂ ਦੀ ਘੁੰਮ ਕੇ ਆਓ, ਘੰਮ ਕੇ ਆਓ ਅਤੇ ਇਸ ਕਤਾਰ ਪਿਛੇ ਲਗ ਜਾਓ। ਘੁੰਮ ਕੇ ਆਓ, ਇਕ ਵੱਡੀ ਕਤਾਰ ਬਣਾ ਲਵੋ। *ਉਸ* ਰਸਤੇ ਆਓ ਅਤੇ ਇਕ ਕਤਾਰ ਬਣਾਓ। ਇਹ ਠੀਕ ਹੈ।

181 ਹਰਕੋਈ ਪ੍ਰਾਥਨਾ ਵਿੱਚ ਰਹੇ। ਹੁਣ ਅਸਲੀਅਤ ਵਿੱਚ ਵਿਸ਼ਵਾਸ਼ ਵਿੱਚ ਆ ਜਾਓ। ਬਸ ਹੁਣ ਭੀੜ ਵਲ ਧਿਆਨ ਨਾ ਦਿਓ। ਚੇਤੇ ਰਖੋ, ਅਸੀਂ ਯਿਸੂ ਮਸੀਹ ਦੀ ਹਜੂਰੀ ਨਾਲ ਢਕੇ ਹੋਏ ਹਾਂ, ਉਸ ਨੇ ਜੋ ਵੀ ਸਾਡੇ ਵਿੱਚ ਜੋ ਵੀ ਕੀਤਾ ਉਹ ਸਾਡੇ ਤੇ ਨਿਰਭਰ ਸੀ ਕਿਉਂਕਿ ਅਸੀਂ ਉਸਦੇ ਵਚਨ ਤੇ ਵਿਸ਼ਵਾਸ਼ ਕੀਤਾ।

182 ਇਹ ਠੀਕ ਹੈ। ਹੁਣ ਇਹ ਬਸ ਠੀਕ ਹੋ ਜਾਵੇਗਾ। ਮੈਂ ਸੋਚਦਾ ਹਾਂ ਕਿ ਇਹ ਕਤਾਰ ਬਹੁਤ ਵਧੀਆ ਤਰੀਕੇ ਨਾਲ ਆ ਰਹੀ ਹੈ।

183 ਹੁਣ ਜਦ ਉਹ ਖੜ੍ਹੇ ਹਨ ਮੈਂ ਚਾਹੁੰਦਾ ਹਾਂ ਕਿ ਇਸ ਇਮਾਰਤ ਵਿੱਚ ਹਰੇਕ ਵਿਅਕਤੀ ਆਪਣਾ ਸਿਰ ਝੁਕਾ ਲਵੇ।

184 ਪ੍ਰਭੂ ਯਿਸੂ, ਇਹ ਜਲਦ ਹੋਣ ਵਾਲਾ ਹੈ। ਹੁਣ ਹੀ ਫੈਂਸਲਾ ਲਿਆ ਜਾਣਾ ਹੈ। ਕੀ ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਤੁਸੀਂ ਇਥੇ ਹੋ? ਕੀ ਅਸੀਂ ਤੁਹਾਨੂੰ ਪ੍ਰੇਮ ਕਰਦੇ ਹਾਂ? ਪ੍ਰਭੂ, ਕੀ ਅਸੀਂ ਜੋ ਮੰਗ ਰਹੇ ਹਾਂ ਉਸ ਲਈ ਸਾਡੇ ਕੋਲ ਜੋ ਵਿਸ਼ਵਾਸ ਹੋਣਾ ਚਾਹੀਦਾ ਹੈ, ਉਹ ਹੈ? ਇਹ ਲੋਕ ਕਤਾਰ ਵਿੱਚ ਖੜੇ ਹੋ ਕੇ ਆਪਣੀ ਪਛਾਣ ਦੇ ਰਹੇ ਹਨ। ਪ੍ਰਭੂ, ਹੋਣ ਦੇ ਕਿ ਇਹ ਵਿਅਰਥ ਨਾ

ਜਾਵੇ । ਹੋਣ ਦੇ ਪ੍ਰਭੂ, ਜਦ ਉਹਨਾਂ ਵਿਚੋਂ ਹਰੇਕ ਇਥੋਂ ਲੰਘ ਕੇ ਜਾਵੇ ਤਾਂ ਇੰਝ ਹੋਵੇ ਜਿਵੇਂ ਓਹ ਮਸੀਹ ਦੇ ਥਲੋਂ ਲੰਘ ਰਹੇ ਹੋਣ ਕਿਓਂਕਿ ਅਸੀਂ ਜਾਣਦੇ ਹਾਂ ਕਿ ਤੁਸੀਂ ਇਥੇ ਹੋ । ਅਤੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਆਪਣੀ ਚੰਗਾਈ ਨੂੰ ਪਾ ਲੈਣਗੇ । ਮੈਨੂੰ ਪੂਰਾ ਯਕੀਨ ਹੈ ਕਿ ਅਗਲੇ ਆਉਣ ਵਾਲੇ ਹਫਤਿਆਂ ਵਿੱਚ ਇਹ ਲੋਕ ਜਿਨਾਂ ਵਿੱਚ ਔਰਤਾਂ ਜਿਨਾਂ ਨੂੰ ਜਨਾਨਾ ਰੋਗ ਹਨ, ਪੇਟ ਦੇ ਰੋਗ ਹਨ, ਆਦਮੀ ਜਿਨਾਂ ਨੂੰ ਗਦੂਦ ਦਾ ਰੋਗ ਹੈ, ਹਰ ਤਰਾਂ ਦੀਆਂ ਬਿਮਾਰੀਆਂ ਤੋਂ ਚੰਗੇ ਕੀਤੇ ਜਾਣਗੇ ਅਤੇ ਇਹ ਆਪਣੇ ਪਾਸਟਰਾਂ ਨੂੰ ਇਹ ਕਹਿਣਗੇ, “ਤੁਸੀਂ ਜਾਣਦੇ ਹੋ, ਇਸ ਬਿਮਾਰੀ ਨੇ ਮੈਨੂੰ ਛੱਡ ਦਿੱਤਾ ਹੈ” ਕਿਓਂਕਿ ਉਹ ਤੇਰੀ ਹਜ਼ੂਰੀ ਵਿੱਚ ਹਨ । ਹੋਣ ਦੇ ਕਿ ਉਹ ਆਉਣ ਅਤੇ ਉਹ ਲੈ ਸਕਣ ਜਿਸ ਲਈ ਤੂੰ ਮਰਿਆ । ਉਹ ਅਬਰਾਹਾਮ ਦੀ ਵੰਸ਼ ਹਨ ਅਤੇ ਤੂੰ ਉਹਨਾਂ ਲਈ ਜਿਤਿਆ । ਹੋਣ ਦੇ ਕਿ ਉਹ ਆਉਣ ਅਤੇ ਉਹ ਲੈ ਸਕਣ ਜੋ ਤੂੰ ਉਹਨਾਂ ਨੂੰ ਦਿੱਤਾ ਹੈ ।

185 ਅਤੇ, ਸੈਤਾਨ, ਤੂੰ ਇਸ ਹਫਤੇ ਨੰਗਾ ਕੀਤਾ ਗਿਆ ਹੈਂ, ਏਥੋਂ ਤੱਕ ਕੀ ਤੂੰ ਜਾਨ ਗਿਆ ਕਿ ਤੂੰ ਹਾਰਿਆ ਹੋਇਆ ਹੈਂ । ਯਿਸੂ ਮਸੀਹ ਨੇ ਤੈਨੂੰ ਕਲਵਰੀ ਤੇ ਹਰਾਇਆ । ਉਹ ਸਾਨੂੰ ਧਰਮੀ ਠਹਿਰਾਉਣ ਲਈ ਤੀਸਰੇ ਦਿਨ ਜੀ ਉਠਿਆ ਅਤੇ ਹੁਣ ਉਹ ਸਾਡੇ ਵਿੱਚਕਾਰ ਖੜ੍ਹਾ ਹੈ । ਅਤੇ ਸਾਡਾ ਵਿਸ਼ਵਾਸ਼ ਉਸ ਵਲ ਵੇਖਦਾ ਹੈ ਅਤੇ ਤੇਰੀ ਵਲ ਨਹੀਂ ਅਤੇ ਨਾ ਹੀ ਉਸ ਵਲ੍ਹ ਜੋ ਤੂੰ ਕੀਤਾ ਹੈ । ਇਹਨਾਂ ਲੋਕਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਛੱਡ ਦੇ ।

186 [ਭਾਈ ਬ੍ਰਾਨਹਮ ਅਤੇ ਸੇਵਕ ਬਿਮਾਰਾਂ ਉੱਤੇ ਹੱਥ ਰਖਦੇ ਹਨ ਅਤੇ ਕਤਾਰ ਵਿੱਚ ਹਰੇਕ ਲਈ ਪ੍ਰਾਥਨਾ ਕਰਦੇ ਹਨ । ਟੇਪ ਉੱਤੇ ਖਾਲੀ ਥਾਂ—ਸੰਪਾਦਕ]…?…

187 ਅਸੀਂ ਉੰਝ ਹੀ ਕੀਤਾ ਹੈ ਜਿਵੇਂ ਸਾਡੇ ਪ੍ਰਭੂ ਨੇ ਕਰਨ ਲਈ ਕਿਹਾ ਹੈ । ਤੁਹਾਡੇ ਵਿਚੋਂ ਕਿੰਨੇ ਹਨ ਜੋ ਕਤਾਰ ਵਿਚੋਂ ਗਏ ਹਨ ਇਹ ਵਿਸ਼ਵਾਸ਼ ਕਰਦੇ ਹੋਏ ਕਿ ਤੁਸੀਂ ਚੰਗੇ ਕੀਤੇ ਜਾਓਗੇ, ਆਪਣੇ ਹੱਥ ਖੜੇ ਕਰੋ । ਮੈਂ ਵੀ ਆਪਣਾ ਹੱਥ ਤੁਹਾਡੇ ਨਾਲ ਸ਼ਾਮਲ ਕਰਦਾ ਹਾਂ ।

188 ਅਸੀਂ ਉਥੇ ਕੀ ਕਰ ਰਹੇ ਸੀ, ਅਖੀਰ ਵਿੱਚ, ਇੱਕ ਸੇਵਕਾਂ ਦੇ ਝੁੰਡ ਦੇ ਰੂਪ ਵਿੱਚ; ਉਹਨਾਂ ਵਿਚੋਂ ਬਹੁਤ ਸਾਰੇ ਬੀਮਾਰ ਸਨ, ਮੈਂ ਇਹ ਜਾਣਦਾ ਸੀ, ਪਰ ਉਹ ਆਪਣੀ ਸਭਾ ਨੂੰ ਅਗੇ ਲੈ ਕੇ ਆਉਣ ਦਾ ਯਤਨ ਕਰ ਰਹੇ ਸਨ ਭਾਵੇਂ ਉਹ ਆਪ ਅਗੇ ਆ ਸਕੇ ਜਾਂ ਨਹੀਂ ਆ ਸਕੇ । ਇਹ ਸਚੇ ਚਰਵਾਹੇ ਹਨ । ਅਤੇ ਪਵਿੱਤਰ ਆਤਮਾ ਨੇ ਮੈਨੂੰ ਕਿਹਾ, “ਉਹਨਾਂ ਨੂੰ ਇੱਕ ਦੂਜੇ ਦੇ ਨਾਲ ਹੱਥ ਮਿਲਾਉਣ ਲਈ ਕਹਿ” । ਅਸੀਂ ਆਪਣੇ ਦਿਲ ਅਤੇ ਜਾਲ ਅਤੇ ਪ੍ਰਾਥਨਾਵਾਂ ਇੱਕ ਦੂਜੇ ਨਾਲ ਬਨ੍ਹੀਆਂ ।

189 ਯਿਸੂ, ਉਹਨਾਂ ਨੂੰ ਵੀ ਚੰਗਾ ਕਰ ਦੇ । ਅਤੇ ਉਹਨਾਂ ਨੂੰ ਪ੍ਰਭੂ ਦੇ ਵਚਨ ਵਿੱਚ ਮਜਬੂਤ ਚਰਵਾਹੇ ਬਣਾ ।

190 ਮੇਰੇ ਭਰਾਵੋ, ਪ੍ਰਭੂ ਤੁਹਾਨੂੰ ਤੁਹਾਡੇ ਹਿਰਦੇ ਦੀ ਹਰੇਕ ਖਾਹਸ਼ ਦੇ ਦੇਵੇ । ਤੁਸੀਂ ਉਸਦੀ ਹਮੇਸ਼ਾ ਸੇਵਾ ਕਰਦੇ ਰਹੋ ਅਤੇ ਤੁਹਾਡੇ ਕੋਲ ਇਹਨਾਂ ਚੰਗੇ ਲੋਕਾਂ ਦੇ ਝੁੰਡ ਦੇ ਸੇਵਕਾਈ ਲਈ ਪਰਮੇਸ਼ੁਰ ਦੀ ਸਮਰਥ ਹੋਵੇ । ਹੋ ਜਾਵੇ ਕਿ ਯਿਸੂ ਮਸੀਹ ਜੋ ਸਾਡੇ ਨਾਲ ਰਿਹਾ ਹੈ, ਅਤੇ ਉਹ ਹਰ ਵੇਲੇ ਤੁਹਾਡੇ ਨਾਲ ਹੈ, ਹੋ ਜਾਵੇ ਕਿ ਉਹ ਤੁਹਾਡੇ ਲਈ ਉਸ ਤੋਂ ਵਧ ਮਹਤਵਪੂਰਣ ਬਣ ਜਾਵੇ ਜਿਨਾ ਕਿ ਉਹ ਪਹਿਲੇ ਕਦੇ ਸੀ ।

191 ਅਤੇ ਤੁਹਾਡੇ ਵਿਚੋਂ ਕੁਝ ਲੋਕ ਅਪਾਹਜ ਸਨ, ਹੋ ਸਕਦਾ ਹੈ ਕਿ ਕੁਝ ਸਮੇਂ ਲਈ ਤੁਹਾਨੂੰ ਕੋਈ ਫਰਕ ਨਾ ਨਜਰ ਆਵੇ । ਇਹ ਵੇਖੋ ਕਿ ਅਬਰਾਹਾਮ ਨੇ ਕੀ ਕੀਤਾ । ਕੋਈ ਫਰਕ ਨਹੀਂ

ਪੈਂਦਾ ਕੀ; ਇਹ ਉਹ ਨਹੀਂ ਜੋ ਤੁਸੀਂ ਵੇਖ ਰਹੇ ਹੋ। ਤੁਸੀਂ ਆਪਣੇ ਲੱਛਣਾਂ ਵਲ ਨਾ ਵੇਖੋ। ਉਸ ਵਲ ਵੇਖੋ ਜੋ ਉਸਨੇ ਕਿਹਾ ਹੈ। ਜੇਰਕ ਤੁਸੀਂ ਕਹਿੰਦੇ ਹੋ, 'ਮੈਂ ਅਜੇ ਵੀ ਦਰਦ ਨੂੰ ਮਹਿਸੂਸ ਕਰਦਾ ਹਾਂ," ਇਸ ਨਾਲ ਕੋਈ ਮਤਲਬ ਨਹੀਂ ਹੈ। ਤੁਸੀਂ ਉਹ ਕੀਤਾ ਹੈ ਜੋ ਪਰਮੇਸ਼ੁਰ ਨੇ ਕਰਨ ਲਈ ਕਿਹਾ ਹੈ। ਇਸਲਈ, ਉਸ ਵਲ ਨਾ ਵੇਖੋ। ਉਸ ਵਲ ਵੇਖੋ ਜੋ ਉਸਨੇ ਕਿਹਾ ਹੈ। ਪਰਮੇਸ਼ੁਰ ਨੇ ਕਿਹਾ ਸੀ ਕਿ ਇਸ ਤਰ੍ਹਾਂ ਹੈ! ਮੈਂ ਇਸ ਤੇ ਵਿਸ਼ਵਾਸ਼ ਕਰਦਾ ਹਾਂ। ਕੀ ਤੁਸੀਂ ਕਰਦੇ ਹੋ? [ਸਭਾ ਕਹਿੰਦੀ ਹੈ, "ਆਮੀਨ"—ਸੰਪਾਦਕ] ਮੈਂ ਆਪਣੇ ਪੂਰੇ ਦਿਲ ਨਾਲ ਇਸ ਤੇ ਵਿਸ਼ਵਾਸ਼ ਕਰਦਾ ਹਾਂ।

192 ਜਦ ਤੱਕ ਮੈਂ ਤੁਹਾਨੂੰ ਫਿਰ ਮਿਲਦਾ ਹਾਂ ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਮੇਰੀ ਪ੍ਰ੍ਰਥਾਨਾ ਤੁਹਾਡੇ ਲਈ ਹੈ ਕਿ ਰਾਤ ਜਿਆਦਾ ਕਾਲੀ ਨਾ ਹੋਵੇ ਅਤੇ ਬਾਰਿਸ਼ ਜਿਆਦਾ ਜੋਰ ਨਾਲ ਨਾ ਆਵੇ। ਮੈਂ ਤੁਹਾਡੇ ਲਈ ਪ੍ਰਾਥਨਾ ਕਰਾਂਗਾ। ਤੁਸੀਂ ਮਰੇ ਲਈ ਪ੍ਰਾਥਨਾ ਕਰਨਾ। ਜਦ ਤੱਕ ਅਸੀਂ ਫਿਰ ਨਹੀਂ ਮਿਲਦੇ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਹੁਣ ਜੋ ਭਾਈ ਪਾਸਟਰ ਹਨ, ਵੇਖੋ।

**ਪਰਖ ਤੋਂ ਬਾਅਦ ਵੈਰੀਆਂ ਦੇ ਫਾਟਕ ਉਤੇ ਕਬਜ਼ਾ ਕਰਨਾ** PUN64-0322

(Possessing The Gate Of The Enemy After Trial)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਦੁਪਹਿਰ 22 ਮਾਰਚ, 1964 ਨੂੰ ਡੇਨਹਮ ਸਪ੍ਰਿੰਗਸ ਹਾਈ ਸਕੂਲ, ਡੇਨਹਮ ਸਪ੍ਰਿੰਗਸ, ਲੂਸੀਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org